ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE
24

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੁਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਐਬਟਸਫੋਰਡ
# ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No.32 Ending Date: Aug 07, 2026

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARANG
604-613-9100

## ਕੀ ਖਾਲਿਸਤਾਨੀਆਂ ਨੂੰ ਵਿਦੇਸ਼ੀ ਸਰਕਾਰਾਂ ਦੀਆਂ ਕਾਰਵਾਈਆਂ ਤੋਂ ਬਚਾਉਣ ਲਈ ਇੱਕ ਨਵਾਂ ਕਾਨੂੰਨ ਲਿਆਵੇਗਾ ਅਮਰੀਕਾ

ਵਾਸ਼ਿੰਗਟਨ:-ਅਮਰੀਕਾ ਆਪਣੇ ਦੇਸ਼ ਵਿੱਚ ਰਹਿ ਰਹੇ ਵਿਦੇਸ਼ੀ ਵਿਰੋਧੀਆਂ ਅਤੇ ਐਕਟਿਵਿਸਟਾਂ (ਜਿਸ ਵਿੱਚ ਅਮਰੀਕਾ ਸਥਿਤ ਖਾਲਿਸਤਾਨੀ ਸਮਰਥਕ ਵੀ ਸ਼ਾਮਲ ਹਨ) ਨੂੰ ਵਿਦੇਸ਼ੀ ਸਰਕਾਰਾਂ ਦੀਆਂ ਕਾਰਵਾਈਆਂ ਤੋਂ ਬਚਾਉਣ ਲਈ ਇੱਕ ਨਵਾਂ ਕਾਨੂੰਨ ਲਿਆਉਣ ਦੀ ਤਿਆਰੀ ਕਰ ਰਿਹਾ ਹੈ।ਅਮਰੀਕੀ ਸੰਸਦ (ਕਾਂਗਰਸ) ਵਿੱਚ 'ਸਟਾਪ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਐਕਟ 2026 ਨਾਂ ਦਾ ਬਿੱਲ ਪੇਸ਼ ਕੀਤਾ ਗਿਆ ਹੈ।ਇਸ ਬਿੱਲ ਦੇ ਰਾਹੀਂ ਅਮਰੀਕੀ ਧਰਤੀ 'ਤੇ ਰਹਿ ਰਹੇ ਸਿਆਸੀ ਵਿਰੋਧੀਆਂ ਨੂੰ ਡਰਾਉਣ, ਧਮਕਾਉਣ ਜਾਂ ਉਨ੍ਹਾਂ 'ਤੇ ਹਮਲਾ ਕਰਨ ਦੀਆਂ ਵਿਦੇਸ਼ੀ ਕੋਸ਼ਿਸ਼ਾਂ ਨੂੰ ਹੁਣ ਇੱਕ ਖਾਸ ਅਪਰਾਧ ਦੀ ਸ਼੍ਰੇਣੀ ਵਿੱਚ ਰੱਖਿਆ ਜਾਵੇਗਾ।

**ਕਿਸਨੇ ਪੇਸ਼ ਕੀਤਾ ਇਹ ਬਿੱਲ?**

ਇਸ ਬਿਲ ਨੂੰ ਡੈਮੋਕ੍ਰੇਟਿਕ ਸੀਨੇਟਰ ਐਡਮ ਸ਼ਿਫ ਅਤੇ ਰਿਪਬਲਿਕਨ ਸੀਨੇਟਰ ਜੌਨ ਕਰਟਿਸ ਵੱਲੋਂ ਸਾਂਝੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਜੇਕਰ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ, ਤਾਂ ਅਮਰੀਕਾ ਵਿੱਚ ਪਹਿਲੀ ਵਾਰ 'ਟ੍ਰਾਂਸਨੈਸ਼ਨਲ ਰਿਪ੍ਰੈਸ਼ਨ' (ਸਰਹੱਦ ਪਾਰ ਤੋਂ ਦਮਨ) ਇੱਕ ਵੱਖਰਾ ਸੰਘੀ ਅਪਰਾਧ ਬਣ ਜਾਵੇਗਾ। ਇਸ ਨਾਲ ਅਮਰੀਕੀ ਜਸਟਿਸ ਡਿਪਾਰਟਮੈਂਟ ਅਤੇ ਐਫਬੀਆਈ ਨੂੰ ਅਜਿਹੇ ਮਾਮਲਿਆਂ ਦੀ ਜਾਂਚ ਕਰਨ ਅਤੇ ਅਦਾਲਤਾਂ ਵਿੱਚ ਮੁਕੱਦਮਾ ਚਲਾਉਣ ਦੇ ਵਧੇਰੇ ਅਧਿਕਾਰ ਮਿਲ ਜਾਣਗੇ।

**ਕੀ ਹਨ ਪ੍ਰਸਤਾਵਿਤ ਸਜ਼ਾਵਾਂ?**

ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਦੇ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਹੋਰ ਅਪਰਾਧਾਂ ਦੀ ਸਜ਼ਾ ਤੋਂ ਇਲਾਵਾ 10 ਸਾਲ ਤੱਕ ਦੀ ਵਾਧੂ ਜੇਲ੍ਹ ਹੋ ਸਕਦੀ ਹੈ।ਦੋਸ਼ੀ ਨੂੰ 100,000 ਡਾਲਰ ਤੱਕ ਦਾ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ।ਇਹ ਬਿਲ ਅਮਰੀਕੀ ਜਸਟਿਸ ਡਿਪਾਰਟਮੈਂਟ ਦੇ ਨੈਸ਼ਨਲ ਸਕਿਓਰਿਟੀ ਡਿਵੀਜ਼ਨ ਦੀ ਭੂਮਿਕਾ ਨੂੰ ਵੀ ਹੋਰ ਮਜ਼ਬੂਤ ਕਰੇਗਾ।

ਇਹ ਬਿੱਲ ਅਜਿਹੇ ਸਮੇਂ ਵਿਚ ਸਾਹਮਣੇ ਆਇਆ ਹੈ ਜਦੋਂ ਖਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਦੇ ਮਾਮਲੇ ਨੂੰ ਲੈ ਕੇ ਭਾਰਤ ਅਤੇ ਅਮਰੀਕਾ ਦੇ ਰਿਸ਼ਤਿਆਂ ਵਿਚ ਤਣਾਅ ਦੇਖਣ ਨੂੰ ਮਿਲਿਆ ਹੈ। ਅਮਰੀਕਾ ਨੇ ਇਲਜ਼ਾਮ ਲਗਾਇਆ ਸੀ ਕਿ ਇੱਕ ਭਾਰਤੀ ਏਜੰਟ ਨੇ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚੀ ਸੀ, ਜਿਸ ਨੂੰ ਅਮਰੀਕੀ ਏਜੰਸੀਆਂ ਨੇ ਨਾਕਾਮ ਕਰ ਦਿੱਤਾ ਸੀ।ਹਾਲਾਂਕਿ, ਭਾਰਤ ਨੇ ਅਜਿਹੇ ਸਾਰੇ ਦੋਸ਼ਾਂ ਨੂੰ ਖਾਰਜ ਕਰਦਿਆਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਸ਼ੁਰੂ ਕੀਤੀ ਸੀ।ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਵੇਂ ਕਾਨੂੰਨ ਨਾਲ ਅਮਰੀਕਾ ਵਿੱਚ ਰਹਿ ਰਹੇ ਭਾਰਤ ਵਿਰੋਧੀ ਅਨਸਰਾਂ ਵਿਰੁੱਧ ਕਾਰਵਾਈ ਕਰਨਾ ਹੋਰ ਵੀ ਔਖਾ ਹੋ ਸਕਦਾ ਹੈ।

## ਗੁਰਦੁਆਰਾ ਕਲਗੀਧਰ ਦਰਬਾਰ ਐਬਟਸਫੋਰਡ ਵਿਖੇ ਭਾਈ ਰਣਜੀਤ ਸਿੰਘ ਢਡਰੀਆਂ ਵਾਲਿਆਂ ਦੇ ਦੀਵਾਨਾਂ ਵਿੱਚ ਪਹੁੰਚੀ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ




(ਵੇਰਵਾ ਤਸਵੀਰਾਂ ਦੀ ਜ਼ੁਬਾਨੀ ਸਫਾ B-15 ਤੇ ਦੇਖੋ)

Award Winner Realtor in Fraser Valley
*RESIDENTIAL *COMMERCIAL *AGRICULTURAL
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਜਾਂ ਵੇਚਣ ਵੇਲੇ ਵਾਜਬ ਰੇਟ ਅਤੇ ਸ਼ਾਨਦਾਰ ਸੇਵਾਵਾਂ ਲਈ ਹਮੇਸ਼ਾਂ ਯਾਦ ਰੱਖੋ
2026
DR. GURVINDER SINGH DHALIWAL®
ਡਾ. ਗੁਰਵਿੰਦਰ ਸਿੰਘ ਧਾਲੀਵਾਲ PERSONAL REAL ESTATE CORPORATION M.A., Ph.D
604-825-1550
gurvindersinghprec@gmail.com
WEBSITE:WWW.GURVINDERSINGHDHALIWAL.COM

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance
ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
604-562-7000, 604-314-0000
#397-8148-128 ST.
(PAYAL BUSINESS CENTRE) SURREY

BRILLIANT COACH LABOUR CONTRACTING LTD
ਕੈਨਰੀ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਰਸਬੇਰੀ, ਸਟਰਾਅ ਬੇਰੀ, ਬਲਿਊ ਬੇਰੀ ਅਤੇ ਬਲੈਕ ਬੇਰੀ ਤੋੜਨ ਵਾਸਤੇ ਵਰਕਰਾਂ ਦੀ ਲੋੜ ਹੈ।
ਸਾਨੂੰ ਕਲਾਸ 4 ਅਤੇ 5 ਡਰਾਈਵਰਾਂ ਦੀ ਵੀ ਲੋੜ ਹੈ।
BRILLIANT COACH
ਹੋਰ ਜਾਣਕਾਰੀ ਲਈ ਫੋਨ ਕਰੋ
778-536-0693

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

MOHIE Travel Ltd.
#122-32083 Hillcrest Ave, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates
We Moved To New Location
27441-FRASER HWY. ALDERGROVE, BC
» ਆਈ. ਸੀ. ਬੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ
» ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305


FARM AND SPICE
FARM AND SPICE
Weekly Special
Designer Rakhi Available at All Locations
*Special Sampling in Certain Stores*
July 31 - August 7
ਬੰਦ ਗੋਭੀ
Cabbage Green
Per lb
$0.49
ਪੇਠਾ ਕਦੂ
Petha Kaddu
Per lb
$0.79
ਅਦਰਕ
Ginger
Per lb
$1.49
ਸੇਬ
Apple Fuji / Red Delicious
Per lb
$1.49
ਦੇਸੀ ਟਿੰਡਾ
Desi Tinda
Per lb
$1.49
ਸੰਤਰੇ
Mandarin
Per lb
$1.49
ਰੂਸੈਟ ਆਲੂ
Russet Potatoes 10 lbs
$3.99
ਨਾਰੀਅਲ
Young Coconut
$5.00
for 2 pieces
ਸ਼ੇਰ ਦਾਲਾ
Sher Kala Chana, Kabuli Chickpeas & Light Kidney Beans
4 Lbs
$5.99
ਵਾਗ ਬਕਰੀ ਚਾਹ
Wagh Bakri Tea
1Kg
$9.99
Canadian Pride Canola Oil
3LT
$10.99
ਕਨਟੀਨ ਬਿਸਕੁਟ
Canteen Desi / Gur Sauf Biscuit
2.5 lbs
$6.99
ਸਵੇਰਾ ਪਨੀਰ
Savera Paneer
341 gms
$3.99
ਕਨਟੀਨ ਬਾਸਮਤੀ
Canteen Indian Basmati
10 Lbs
$9.99
ਸਵੇਰਾ ਦੇਸੀ ਘਿਓ
Savera Desi Ghee
3.5 Lbs
$22.99
Sher Desi Style Atta
20 Lbs
$14.99
*while supply last
Open 7 Days a Week
8:30 am to 10:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਮੈਕਕੈਲਮ ਨੇ ਬੀ.ਸੀ. ਨਾਗਰਿਕ ਚੋਣਾਂ ਵਿੱਚ ਕਥਿਤ ਵਿਦੇਸ਼ੀ ਦਖਲਅੰਦਾਜ਼ੀ ਦੀ ਸੰਘੀ ਜਾਂਚ ਦੀ ਮੰਗ ਕੀਤੀ

ਸਰੀ:ਸਰੀ ਦੇ ਸਾਬਕਾ ਮੇਅਰ ਡੱਗ ਮੈਕਕੈਲਮ ਬ੍ਰਿਟਿਸ਼ ਕੋਲੰਬੀਆ ਦੀਆਂ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਵਿਦੇਸ਼ੀ ਦਖਲਅੰਦਾਜ਼ੀ ਦੀ ਸੰਘੀ ਜਾਂਚ ਦੀ ਮੰਗ ਕਰ ਰਹੇ ਹਨ।ਮੈਕਕੈਲਮ ਅਤੇ ਸੇਫ ਸਰੀ ਗੱਠਜੋੜ ਦਾ ਦਾਅਵਾ ਹੈ ਕਿ ਫੇਸਬੁੱਕ ਪੰਨਿਆਂ ਦਾ ਇੱਕ ਨੈੱਟਵਰਕ ਸਰੀ, ਵੈਨਕੂਵਰ ਅਤੇ ਡੈਲਟਾ ਵਿੱਚ ਅਕਤੂਬਰ ਦੀਆਂ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।ਗੱਠਜੋੜ ਦੇ ਅਨੁਸਾਰ, ਘੱਟੋ-ਘੱਟ ਛੇ ਫੇਸਬੁੱਕ ਪੰਨੇ ਆਪਣੇ ਆਪ ਨੂੰ ਸਥਾਨਕ ਬੀ.ਸੀ. ਨਿਊਜ਼ ਆਉਟਲੈਟਾਂ ਵਜੋਂ ਪੇਸ਼ ਕਰਦੇ ਹਨ, ਪਰ ਕਥਿਤ ਤੌਰ 'ਤੇ ਕੈਨੇਡਾ ਤੋਂ ਬਾਹਰੋਂ ਸੰਚਾਲਿਤ ਕੀਤੇ ਜਾਂਦੇ ਹਨ।"ਇਹ ਕੈਨੇਡੀਅਨ ਕਾਰਵਾਈ ਨਹੀਂ ਹੈ," ਗੱਠਜੋੜ ਨੇ ਇੱਕ ਬਿਆਨ ਵਿੱਚ ਕਿਹਾ।"ਇਸਨੂੰ ਚਲਾਉਣ ਵਾਲੇ ਲੋਕ ਭਾਰਤ ਵਿੱਚ ਹਨ। ਇਸਦੇ ਲਈ ਭੁਗਤਾਨ ਕਰਨ ਵਾਲਾ ਪੈਸਾ ਰੁਪਏ ਵਿੱਚ ਹੈ।"ਗੱਠਜੋੜ ਨੇ ਅੱਗੇ ਦੋਸ਼ ਲਗਾਇਆ ਹੈ ਕਿ ਫੇਸਬੁੱਕ ਦੀ ਮੂਲ ਕੰਪਨੀ ਮੇਟਾ ਦੇ ਇਸ਼ਤਿਹਾਰ ਰਿਕਾਰਡ, ਪੰਨਿਆਂ ਦੇ ਭੁਗਤਾਨਕਰਤਾ ਅਤੇ ਲਾਭਪਾਤਰੀ ਦੀ ਪਛਾਣ ਭਾਰਤ ਸਰਕਾਰ ਨਾਲ ਜੁੜੇ ਇੱਕ ਕੰਪਿਊਟਰ ਖੋਜ ਸੰਗਠਨ ਵਜੋਂ ਕਰਦੇ ਹਨ।"ਓਟਾਵਾ ਇਸਨੂੰ ਰਾਸ਼ਟਰੀ ਸੁਰੱਖਿਆ ਮਾਮਲਾ ਕਹਿੰਦਾ ਹੈ ਜਦੋਂ ਇਹ ਸੰਘੀ ਤੌਰ 'ਤੇ ਹੁੰਦਾ ਹੈ," ਮੈਕਕੈਲਮ ਨੇ ਕਿਹਾ।



"ਇਹ ਇਸ ਵੇਲੇ ਸਰੀ ਵਿੱਚ ਹੋ ਰਿਹਾ ਹੈ ਅਤੇ ਇੱਕ ਵੀ ਅਧਿਕਾਰੀ ਨੇ ਇੱਕ ਸ਼ਬਦ ਨਹੀਂ ਕਿਹਾ ਹੈ।"ਸੇਫ਼ ਸਰੀ ਗੱਠਜੋੜ ਸੰਘੀ ਆਰਸੀਐਮਪੀ ਨੂੰ ਕਥਿਤ ਨੈੱਟਵਰਕ ਦੀ ਜਾਂਚ ਕਰਨ ਦੀ ਅਪੀਲ ਕਰ ਰਿਹਾ ਹੈ ਅਤੇ ਬੀ.ਸੀ. ਸਰਕਾਰ ਨੂੰ ਜਨਤਕ ਤੌਰ 'ਤੇ ਇਹ ਦੱਸਣ ਲਈ ਕਹਿ ਰਿਹਾ ਹੈ ਕਿ ਕੀ ਅਕਤੂਬਰ ਦੀਆਂ ਮਿਊਂਸੀਪਲ ਚੋਣਾਂ ਦੀ ਨਿਗਰਾਨੀ ਸੰਭਾਵੀ ਵਿਦੇਸ਼ੀ ਦਖਲਅੰਦਾਜ਼ੀ ਲਈ ਕੀਤੀ ਜਾਵੇਗੀ।ਅਧਿਕਾਰੀਆਂ ਦੁਆਰਾ ਗੱਠਜੋੜ ਦੇ ਦੋਸ਼ਾਂ ਦੀ ਪੁਸ਼ਟੀ ਕਰਨ ਵਾਲੇ ਕੋਈ ਸਬੂਤ ਜਨਤਕ ਤੌਰ 'ਤੇ ਜਾਰੀ ਨਹੀਂ ਕੀਤੇ ਗਏ ਹਨ, ਅਤੇ ਨਾ ਹੀ ਮੈਟਾ ਅਤੇ ਨਾ ਹੀ ਨਾਮਜ਼ਦ ਸਰਕਾਰਾਂ ਨੇ ਦਾਅਵਿਆਂ ਦਾ ਜਨਤਕ ਤੌਰ 'ਤੇ ਜਵਾਬ ਦਿੱਤਾ ਹੈ।

# ਭਾਜਪਾ ਦੀ ਕੰਗਣਾ ਰਣੌਤ ਨੇ ਫਿਰ ਦਿੱਤਾ ਵਿਵਾਦਤ ਬਿਆਨ 'ਨਵੀਂ ਪੀੜ੍ਹੀ ਦੀਆਂ ਔਰਤਾਂ ਨੂੰ ਦੱਸਿਆ ਗਟਰ ਛਾਪ'

ਨਵੀਂ ਦਿੱਲੀ:ਅਦਾਕਾਰਾ ਅਤੇ ਭਾਜਪਾ ਸੰਸਦ ਮੈਂਬਰ ਕੰਗਣਾ ਰਣੌਤ ਨੇ ਨਵੀਂ ਪੀੜ੍ਹੀ ਦੀਆਂ ਭਾਰਤੀ ਔਰਤਾਂ ਨੂੰ 'ਗਟਰ' ਕਿਹਾ ਹੈ।ਕੰਗਨਾ ਦਾ ਕਹਿਣਾ ਹੈ ਕਿ ਇਹ ਔਰਤਾਂ ਆਜ਼ਾਦ ਔਰਤਾਂ ਦੀ ਨਕਲ ਕਰਦੇ ਹੋਏ ਨਸ਼ਾ ਕਰਨ, ਸ਼ਰਾਬ ਪੀਣ ਅਤੇ ਅਣਗਿਣਤ ਮਰਦਾਂ ਨਾਲ ਜਿਨਸੀ ਸੰਬੰਧ ਬਣਾਉਣ ਨੂੰ ਆਜ਼ਾਦੀ ਕਹਿੰਦੀਆਂ ਹਨ।

ਕੰਗਣਾ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ ਦੀ ਸਟੋਰੀ ਸੈਕਸ਼ਨ ਵਿੱਚ ਲਿਖਿਆ ਕਿ ਸਭ ਤੋਂ ਸ਼ਰਮਨਾਕ ਗੱਲ ਉਨ੍ਹਾਂ ਨੌਜਵਾਨ ਹਿੰਦੂ ਔਰਤਾਂ ਦਾ ਵਿਵਹਾਰ ਹੈ, ਜੋ ਆਜ਼ਾਦ ਅਤੇ ਕਰੀਅਰ ਬਣਾਉਣ ਵਾਲੀਆਂ ਔਰਤਾਂ ਦੀ ਜ਼ਿੰਦਗੀ ਦੀ ਨਕਲ ਕਰਨਾ ਚਾਹੁੰਦੀਆਂ ਹਨ, ਪਰ ਉਸ ਆਜ਼ਾਦੀ ਨਾਲ ਆਉਣ ਵਾਲੀਆਂ ਜ਼ਿੰਮੇਵਾਰੀਆਂ ਨੂੰ ਨਹੀਂ ਨਿਭਾਉਣਾ ਚਾਹੁੰਦੀਆਂ।ਅਸਲ ਵਿੱਚ ਆਜ਼ਾਦ ਔਰਤਾਂ ਬਾਗੀਆਨਾ ਫ਼ੈਸਲੇ ਲੈਂਦੀਆਂ ਹਨ, ਬੇਬਾਕ ਰਾਏ ਰੱਖਦੀਆਂ ਹਨ, ਪਰੰਪਰਾਵਾਂ ਤੋਂ ਹਟ ਕੇ ਕਰੀਅਰ ਚੁਣਦੀਆਂ ਹਨ ਅਤੇ ਆਪਣੇ ਹਰ ਫ਼ੈਸਲੇ ਦੀ ਪੂਰੀ ਜ਼ਿੰਮੇਵਾਰੀ ਵੀ ਚੁੱਕਦੀਆਂ ਹਨ। ਉਨ੍ਹਾਂ ਨੂੰ ਆਪਣੇ ਕਰਮਾਂ ਦੀ ਕੀਮਤ ਆਪ ਚੁਕਾਉਣੀ ਪੈਂਦੀ ਹੈ। ਉਹ ਆਪਣੇ ਮਾਪਿਆਂ ਜਾਂ ਪਰਿਵਾਰ ਦੀ ਕੀਮਤ 'ਤੇ ਅਜਿਹਾ ਨਹੀਂ ਕਰਦੀਆਂ।'ਕੰਗਣਾ ਨੇ ਅਗੇ ਲਿਖਿਆ ਕਿ ਅੱਜ ਕਥਿਤ ਵੈਸਟਰਨ ਸੋਚ ਤੋਂ ਪ੍ਰਭਾਵਿਤ ਭਾਰਤੀ ਔਰਤਾਂ ਦੀ ਇੱਕ ਨਵੀਂ ਪੀੜ੍ਹੀ ਸਾਹਮਣੇ ਆਈ ਹੈ।ਮੈਂ ਇਨ੍ਹਾਂ ਨੂੰ 'ਗਟਰ ਜਨਰੇਸ਼ਨ' ਕਹਿੰਦੀ ਹਾਂ । ਇਨ੍ਹਾਂ ਵਿੱਚੋਂ ਕੁੱਝ ਕੋਲ ਸਮਾਜ ਨੂੰ ਦੇਣ ਲਈ ਕੁਝ ਵੀ ਨਹੀਂ ਹੈ।ਉਹ ਪੜ੍ਹਾਈ ਵਿੱਚ ਚੰਗੀਆਂ ਨਹੀਂ ਹਨ, ਪਰ ਇੰਨੀ ਘਟੀਆ ਸੋਚ ਅਤੇ ਭ੍ਰਿਸ਼ਟ ਮਾਨਸਿਕਤਾ ਰੱਖਦੀਆਂ ਹਨ ਕਿ ਚੰਗੀਆਂ ਹਾਊਸਵਾਈਫ਼ ਵੀ ਨਹੀਂ ਬਣ ਸਕਦੀਆਂ।'ਇਸ ਦੇ ਬਾਵਜੂਦ ਉਹ ਆਪਣੀ ਕਥਿਤ ਆਜ਼ਾਦੀ ਦਾ ਦਿਖਾਵਾ ਕਰਦੀਆਂ ਹਨ, ਨਸ਼ਾ, ਸ਼ਰਾਬ ਅਤੇ ਅਣਗਿਣਤ ਜਿਨਸੀ ਸਬੰਧਾਂ ਨੂੰ ਆਪਣੀ ਆਜ਼ਾਦੀ ਦੱਸਦੀਆਂ ਹਨ।ਬੇਸ਼ਰਮੀ ਨਾਲ ਆਪਣੇ ਮਾਪਿਆਂ ਦੀ ਕਮਾਈ 'ਤੇ ਪਲਦੀਆਂ ਹਨ ਅਤੇ ਲਗਾਤਾਰ ਆਜ਼ਾਦ ਜ਼ਿੰਦਗੀ ਜਿਊਣ ਦੀਆਂ ਗੱਲਾਂ ਕਰਦੀਆਂ ਹਨ, ਜਦੋਂ ਕਿ ਵਾਸਤਵ ਵਿੱਚ ਉਹ ਆਤਮਨਿਰਭਰ ਹੁੰਦੀਆਂ ਹੀ ਨਹੀਂ।ਇੱਕ ਛੋਟੀ ਜਿਹੀ ਯਾਦ ਦਿਵਾ ਦਿਆਂ ਕਿ ਆਜ਼ਾਦ ਜ਼ਿੰਦਗੀ ਕਮਾਉਣੀ ਪੈਂਦੀ ਹੈ।ਜੇਕਰ ਬਿਨਾਂ ਜ਼ਿੰਮੇਵਾਰੀ ਚੁੱਕੇ ਆਜ਼ਾਦ ਬਣਨ ਦੀ ਕੋਸ਼ਿਸ਼ ਕਰੋਗੇ, ਤਾਂ ਤੁਸੀਂ ਸਿਰਫ਼ ਇੱਕ ਘਟੀਆ ਮਾਨਸਿਕਤਾ ਵਾਲੇ ਇਨਸਾਨ ਹੋ, 'ਗਟਰ ਛਾਪ'।

# ਭਾਰਤੀ ਫੌਜ ਦੇ ਮੇਜਰ ਜਨਰਲ ਨੇ 11 ਕਰੋੜ ਦਾ ਕੀਤਾ ਧੋਖਾ


ਸ਼੍ਰੀਨਗਰ: ਭਾਰਤੀ ਫੌਜ ਦੇ ਇੱਕ ਮੇਜਰ ਜਨਰਲ ਨੂੰ ਭਾਰਤ ਦੇ ਗੈਰ-ਕਾਨੂੰਨੀ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ ਦੇ ਜੰਮੂ ਜ਼ਿਲ੍ਹੇ ਦੇ ਇੱਕ ਫੌਜੀ ਹਸਪਤਾਲ ਵਿੱਚ ਲਗਭਗ 11 ਕਰੋੜ ਰੁਪਏ ਦੀ ਡਾਕਟਰੀ ਸਪਲਾਈ ਦੀ ਖਰੀਦ ਵਿੱਚ ਬੇਨਿਯਮੀਆਂ ਦਾ ਦੋਸ਼ੀ ਪਾਇਆ ਗਿਆ ਹੈ।ਕਸ਼ਮੀਰ ਮੀਡੀਆ ਸਰਵਿਸ ਦੇ ਅਨੁਸਾਰ, ਭਾਰਤੀ ਫੌਜ ਦੇ ਮੇਜਰ ਜਨਰਲ ਦੇਵੇਂਦਰ ਅਰੋੜਾ ਨੂੰ ਫੌਜ ਐਕਟ ਦੇ ਤਹਿਤ ਉਨ੍ਹਾਂ ਵਿਰੁੱਧ ਲਗਾਏ ਗਏ 18 ਦੋਸ਼ਾਂ ਵਿੱਚੋਂ 16 ਦਾ ਦੋਸ਼ੀ ਪਾਏ ਜਾਣ ਤੋਂ ਬਾਅਦ ਸੇਵਾ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਇੱਕ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ ਹੈ।ਇੱਕ ਸੀਨੀਅਰ ਫੌਜੀ ਅਧਿਕਾਰੀ ਵਿਰੁੱਧ ਅਨੁਸ਼ਾਸਨੀ ਕਾਰਵਾਈ ਦੀ ਇੱਕ ਦੁਰਲੱਭ ਘਟਨਾ ਵਿੱਚ, ਇੱਕ ਸਮਰੀ ਜਨਰਲ ਕੋਰਟ-ਮਾਰਸ਼ਲ ਨੇ ਸੇਵਾਮੁਕਤ ਆਰਮੀ ਮੈਡੀਕਲ ਕੋਰ ਅਧਿਕਾਰੀ ਨੂੰ ਜੰਮੂ ਦੇ 166 ਫੌਜੀ ਹਸਪਤਾਲ ਦੇ ਕਮਾਂਡੈਂਟ ਵਜੋਂ ਆਪਣੇ ਕਾਰਜਕਾਲ ਦੌਰਾਨ ਲਗਭਗ 11 ਕਰੋੜ ਰੁਪਏ ਦੀ ਡਾਕਟਰੀ ਸਪਲਾਈ ਦੀ ਖਰੀਦ ਵਿੱਚ ਬੇਨਿਯਮੀਆਂ ਲਈ ਦੋਸ਼ੀ ਠਹਿਰਾਇਆ।









# ਕੀ ਸਿੱਖ ਹਿੰਸਕ ਨੇ?



ਦਿੱਲੀ ਵਰਤਾਰੇ ਵੇਲੇ ਨਿਹੰਗਾਂ ਦਾ ਵਿਦਿਆਰਥੀਆਂ ਦੇ ਨਾਲ ਖੜਨ ਦੇ ਮਾਮਲੇ ਨੂੰ ਲੈ ਕੇ ਪੰਜਾਬ ਦੇ ਕਾਮਰੇਡਾਂ, ਰਾਸ਼ਟਰਵਾਦੀਆਂ, ਅਪਗਰੇਡਾਂ ਦੀ ਹੀਣਭਾਵਨਾ ਦੀ ਬੇਹੀ ਕੜੀ ਵਿਚ ਕਿਤੇ ਉਬਾਲ ਆਇਆ। ਤੋਤੇ ਦੀ ਤੌੜੀ ਦੀ ਦਾਲ ਤਰ੍ਹਾਂ ਡੁੱਲ ਡੁੱਲ ਪੈ ਰਹੀ ਸੀ।ਪਿੰਡ ਦਾ ਬਣੀਆਂ ਛਟਾਂਕੀ ਮਾਰਨ ਜੋਗਾ ਤਾਂ ਹੁੰਦਾ ਨਾ ਸੀ, ਫਿਰ ਓਹ ਅੜਬ ਜੱਟ ਨੂੰ 'ਗੁੰਡਾ ਬਦਮਾਸ਼' ਕਹਿਕੇ ਅਪਣੀ ਹੀਣਭਾਵਨਾ ਦਾ ਇਜਹਾਰ ਕਰਦਾ ਹੁੰਦਾ ਸੀ।ਮੇਰਾ ਤਾਂ ਪੂਰਾ ਇਤਿਹਾਸ ਹੀ ਹਿੰਸਕ ਹੈ ਅਤੇ ਜੇ ਮੈਂ ਹਿੰਸਕ ਨਾ ਹੁੰਦਾ ਅਧਿਓਂ ਵੱਧ ਹਿੰਦਸਤਾਨੀ ਔਰਤਾਂ ਕਾਬਲ ਹੋਣੀਆਂ ਸਨ ਜੀਹਨਾ ਵਿਚੋਂ ਕੁੱਝ ਹੁਣ ਦੀਆਂ ਕਾਮਰੇਡਣੀਆਂ ਜਾਂ ਅਪਗ੍ਰੇਡਣੀਆਂ ਵੀ ਹੋ ਸਕਦੀਆਂ ਸਨ। ਹਰੇਕ ਗਲੇ ਜਹਿਰ ਉਗਲਛਣਾ ਜਰੂਰੀ ਨਹੀ ਹੁੰਦਾ ਜਦ ਕਿ ਖੁਦ ਦਾ ਇਤਹਾਸ ਭਰਿਆ ਹੀ ਹਿੰਸਾ ਨਾਲ ਹੋਵੇ। ਮਾਓ ਨੇ ਸਟਾਲਿਨ ਨੇ ਮਨੁੱਖਤਾ ਦੇ ਢੇਰ ਲਾ ਦਿਤੇ ਸਨ ਵਢ ਵਢ, ਓਹ ਵੀ ਅਪਣੇ ਹੀ ਲੋਕਾਂ ਦੇ। ਜਰਮਨ ਦੀ ਔਰਤ ਕੋਈ ਬਚੀ ਨਾ ਸੀ ਬਲਾਤਕਾਰ ਹੋਣੋ ਪਰ ਹਿੰਸਕ ਦੂਜੇ।ਮੈਂ ਹਿੰਸਕ ਨਾ ਹੁੰਦਾ ਕਾਮਰੇਡਾਂ ਹੀ ਸਿਰ ਤੇ ਚੜ ਚੜ ਮੋਰੀਆਂ ਕਰਨੀਆਂ ਸਨ ਪਰ ਪਤਾ ਕਿ ਗਾਟਾ ਲਾਹੁਣ ਲਗੇ ਪਲ ਨਹੀ ਲਾਓਂਦੇ ਇਸ ਲਈ ਹਾਲਾਂ ਸੰਭਲ ਕੇ ਚਲਦੇ। ਸਿੱਖ ਇਤਿਹਾਸ ਸਿੱਖ ਸ਼ਹੀਦਾਂ ਜਾਂ ਗੁਰੂ ਸਹਿਬਾਨਾ ਪ੍ਰਤੀ ਅੰਦਰਲੀ ਜਹਿਰ ਸੜਕਾਂ ਤੇ ਡੁਲਦੀ ਫਿਰਨੀ ਸੀ ਜਿਹੜੀ ਹਾਲਾਂ ਇਨਾ ਦੀਆਂ ਨਿੱਜੀ ਮੀਟਿੰਗਾਂ ਤਕ ਹੀ ਸੀਮਤ ਹੈ।ਚੁਕ ਚਕਾ ਮੂਹਰੇ ਕੀਤੇ ਨਿਊਜੀਲੈਂਡ ਵਾਲੇ ਮਿਰਜੇ ਦਾ ਹਾਲ ਦੇਖ ਹੀ ਲਿਆ। ਸੂਰੀ ਸੜਕ ਤੇ ਮਾਰਿਆ ਬੁੜਕਾ ਕੇ ਗਗ ਪੈਰਾਂ ਭਾਰ ਹੋਇਆ ਸਭ ਨੇ ਦੇਖਿਆ ਸੜਕਨਾਮੇ ਦੇ ਮੂੰਹ ਤੋਂ ਮਖੀ ਨਾ ਸੀ ਉਡਦੀ। ਮੈਂ ਹਿੰਸਕ ਨਾ ਹੁੰਦਾ ਤਾਂ ਦਿਲੀ ਕਦ ਦਾ ਕਚਾ ਚਬ ਗਈ ਹੁੰਦੀ ਪੰਜਾਬ ਨੂੰ, ਤੇ ਹੁਣ ਤੱਕ ਮੇਰੀ ਹਸਤੀ ਮੇਰੀ ਹੋਂਦ ਖਾਕ-ਏ ਸਪੁਰਦ ਹੁੰਦੀ।ਮੇਰਾ ਤਾਂ ਇਤਹਾਸ ਸੁਣਾਓਂਦੇ ਢਾਡੀ ਵੀ ਇਨਾ ਨੂੰ ਹਿੰਸਕ ਜਾਪੀ ਜਾਂਦੇ ਨੇ ਕਿਓਕਿ ਖੁਦ ਕੋਲੇ ਸੰਧੂ ਜਾਂ ਸਿਨਮਾ ਸ਼ਹੀਦਾਂ ਤੋਂ ਸਿਵਾਏ ਹੈ ਈ ਕੱਖ ਨਹੀ, ਹਾਲਾਂ ਨੈਸੀਂ ਸ਼ਹੀਦਣੀ ਬਣਦੀ ਬਣਦੀ ਬਚ ਗਈ।ਮੇਰੇ ਨਾਲ ਕੋਈ ਖੜੇ ਜਾਂ ਨਾ ਖੜੇ ਪਰ ਮੈਨੂੰ ਬਾਜਾਂ ਵਾਲੇ ਮਜਲੂਮ ਨਾਲ ਖੜਨਾ ਦਸਿਆ ਅਤੇ ਸਿੰਘ ਜਾ ਖੜੇ। ਪੁਲਿਸ ਮੂਹਰੇ ਚਿੜੀਆਂ ਤਰਾਂ ਉਡਦੇ ਜਾਂਦੇ ਨਿਆਣੇ ਸਿੰਘਾ ਦੇ ਜਾਣ ਤੇ ਬਾਜ ਬਣਦੇ ਕੁਲ ਸੰਸਾਰ ਨੇ ਦੇਖੇ ਅਤੇ ਇਹੀ ਗਲਾਂ ਇਨਾ ਸਭ ਨੂੰ ਬਦਹਜਮੀ ਪੈਦਾ ਕਰ ਜਾਦੀਆਂ ਕਿ ਸਿਖ ਹਿੰਸਕ ਨੇ।

**-ਗੁਰਦੇਵ ਸਿੰਘ ਸੱਧੇਵਾਲੀਆ**

## ਬਾਰਾਮੂਲਾ 'ਚ ਮਾਈਨ ਧਮਾਕੇ ਵਿੱਚ 2 ਭਾਰਤੀ ਫੌਜ ਦੇ ਜਵਾਨ ਜ਼ਖਮੀ

ਸ਼੍ਰੀਨਗਰ: ਭਾਰਤ ਦੇ ਗੈਰ-ਕਾਨੂੰਨੀ ਕਬਜ਼ੇ ਵਾਲੇ ਜੰਮੂ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਦੇ ਉੜੀ ਖੇਤਰ ਵਿੱਚ ਇੱਕ ਮਾਈਨ ਧਮਾਕੇ ਵਿੱਚ ਦੋ ਭਾਰਤੀ ਫੌਜ ਦੇ ਜਵਾਨ ਗੰਭੀਰ ਜ਼ਖਮੀ ਹੋ ਗਏ। ਇਹ ਧਮਾਕਾ ਕਮਲਕੋਟ ਸੈਕਟਰ ਵਿੱਚ 12 ਇਨਫੈਂਟਰੀ ਬ੍ਰਿਗੇਡ ਦੇ ਅਧੀਨ ਕੰਮ ਕਰ ਰਹੀ 8 ਰਾਸ਼ਟਰੀ ਰਾਈਫਲਜ਼ ਦੀ ਅੱਪਰ ਗੜ੍ਹ ਫਾਰਵਰਡ ਪੋਸਟ ਦੇ ਨੇੜੇ ਹੋਇਆ। ਜ਼ਖਮੀ ਕਰਮਚਾਰੀਆਂ ਨੂੰ ਤੁਰੰਤ ਘਟਨਾ ਸਥਾਨ ਤੋਂ ਬਾਹਰ ਕੱਢਿਆ ਗਿਆ ਅਤੇ ਸ਼੍ਰੀਨਗਰ ਦੇ ਬਦਾਮੀਬਾਗ ਵਿਖੇ ਭਾਰਤੀ ਫੌਜ ਦੇ ਬੇਸ ਹਸਪਤਾਲ ਵਿੱਚ ਏਅਰਲਿਫਟ ਕੀਤਾ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

12383-83A Ave, Surrey, BC



SAVVY

iccrc crcic Immigration Services Inc.

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

*Temporary Visa *Student Visa
*Work Permit *Permanent Immigration
*Humanitarian & Compassionate Cases



Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



FIXMAN GLASS REPAIR LTD

Auto / Residential / Commercial

"We Are The Clear Choice" GLASS EXPRESS

Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service

- ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ
- ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ ਲਾਈਫਟਾਈਮ ਵਾਰੰਟੀ
- ਮੋਬਾਈਲ ਸਰਵਿਸ
- ਬੱਗ ਸਕਰੀਨ ਵੀ ਲਾਉਂਦੇ ਹਾਂ
- ਕਾਰ ਨੂੰ ਮੁਫਤ ਸਾਫ ਕਰਦੇ ਹਾਂ
- ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ

2 Locations Serves You

SURREY
#301-14640-64Ave Surrey
Ph:604-657-0003

LANGLEY
#102-5968 205A St
Ph:778-258-3000



Mandeep Dhaliwal

www.fixmanglass.com Email:fixmanglass@gmail.com



Punjab TRAVELS




ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5



SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

# ਪੰਜਾਬੀ ਲਿੱਪੀ ਭਾਰਤ ਦੀਆਂ ਸਾਰੀਆਂ ਲਿਪੀਆਂ ਤੋਂ ਪੁਰਾਣੀ, ਪੰਜਾਬੀ ਬੋਲੀ ਨੂੰ ਵੱਡਾ ਮਾਣ ਦਿਵਾਏਗੀ:ਮਾ. ਬਿੱਕਰ ਸਿੰਘ ਹਾਂਗਕਾਂਗ ਦੀ ਪੰਜਾਬੀ ਲਿੱਪੀ ਬਾਰੇ ਖੋਜ

ਅੱਜਕਲ੍ਹ ਮਾ: ਬਿੱਕਰ ਸਿੰਘ ਜੀ ਦੀ ਪੰਜਾਬੀ ਲਿਪੀ ਬਾਰੇ ਖੋਜ ਦੀਆਂ ਵੀਡੀਓਜ਼ ਚੈਨਲਾਂ ਤੇ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਪੰਜਾਬੀ ਪਿਆਰੇ ਉਨ੍ਹਾਂ ਦੀਆਂ ਵੀਡੀਓਜ਼ ਨੂੰ ਦੇਖ ਕੇ ਹੈਰਾਨ ਅਤੇ ਖੁਸ਼ ਹੋ ਰਹੇ ਹਨ। ਉਨ੍ਹਾਂ ਦੀ ਖੋਜ ਸਾਬਤ ਕਰਦੀ ਹੈ ਕਿ ਪੰਜਾਬੀ ਲਿਪੀ ਭਾਰਤ ਦੀਆਂ ਸਾਰੀਆਂ ਲਿਪੀਆਂ ਤੋਂ ਪੁਰਾਣੀ (ਲਗਭਗ 2700ਸਾਲ) ਹੈ। ਪੰਜਾਬੀ ਵਿਦਵਾਨ ਇਹ ਤਾਂ ਮੰਨਦੇ ਸਨ ਕਿ ਪੰਜਾਬੀ ਲਿਪੀ ਦੁਨੀਆਂ ਦੀਆਂ ਸਾਰੀਆਂ ਲਿਪੀਆਂ ਤੋਂ ਅਮੀਰ ਹੈ ਪਰ ਏਨੀ ਪੁਰਾਤਨ ਹੋਣ ਬਾਰੇ ਕਦੇ ਕਿਸੇ ਨੇ ਜਿਕਰ ਨਹੀਂ ਕੀਤਾ ਸੀ। ਮਾ: ਬਿੱਕਰ ਸਿੰਘ ਹਾਂਗਕਾਂਗ ਪਿਛਲੇ 20 ਸਾਲ ਤੋਂ ਇਸ ਖੋਜ ਕਾਰਜ ਉੱਤੇ ਨਿਰਸੁਆਰਥ ਕੰਮ ਕਰ ਰਹੇ ਹਨ।

ਮਾ: ਬਿੱਕਰ ਸਿੰਘ 1968 ਵਿੱਚ ਰੋਜ਼ਗਾਰ ਦੀ ਭਾਲ ਵਿੱਚ ਹਾਂਗਕਾਂਗ ਚਲੇ ਗਏ। ਉੱਥੇ ਜਾ ਕੇ ਉਨ੍ਹਾਂ ਆਮ ਪੰਜਾਬੀਆਂ ਵਾਂਗ ਕਈ ਤਰ੍ਹਾਂ ਦੇ ਕੰਮ ਕੀਤੇ। ਹੋਰ ਕੰਮਾਂ ਦੇ ਨਾਲ ਨਾਲ ਉਨ੍ਹਾਂ ਨੇ ਪਾਰਟ-ਟਾਈਮ ਟਿਊਸ਼ਨ ਪੜਾਉਣੀ ਸ਼ੁਰੂ ਕਰ ਦਿੱਤੀ। ਟਿਊਸ਼ਨ ਪੜ੍ਹਨ ਲਈ ਉਨ੍ਹਾਂ ਕੋਲ ਪੰਜਾਬੀ ਬੱਚਿਆਂ ਤੋਂ ਇਲਾਵਾ ਹੋਰ ਕੌਮਾਂ ਦੇ ਬੱਚੇ ਵੀ ਆਉਣ ਲੱਗੇ। ਟਿਊਸ਼ਨ ਪੜ੍ਹਾਉਣ ਸਮੇਂ ਜਦੋਂ ਉਨ੍ਹਾਂ ਦਾ ਵਾਹ ਗੁਰਮੁਖੀ-ਅੰਕਾਂ ਨਾਲ ਪਿਆ ਤਾਂ ਉਨ੍ਹਾਂ ਨੇ ਸੋਚਿਆ ਕਿ ਇਹ ਅੰਕ ਤਾਂ ਗੁਰਮੁਖੀ ਦੇ ਹਨ, ਇਨ੍ਹਾਂ ਅੰਕਾਂ ਨੂੰ ਅਰਬਿਕ ਅੰਕ ਕਿਉਂ ਕਿਹਾ ਜਾਂਦਾ ਹੈ ? ਜਦੋਂ ਉਨ੍ਹਾਂ ਨੇ ਖੋਜ-ਪੜਤਾਲ ਕੀਤੀ ਤਾਂ ਉਨ੍ਹਾਂ ਪਾਇਆ ਕਿ ਇਹ ਅੰਕ ਤਾਂ ਗੁਰਮੁਖੀ ਦੇ ਅੰਕਾਂ ਤੋਂ ਪੈਦਾ ਹੋਏ ਹਨ। ਇਨ੍ਹਾਂ ਦੀ ਸ਼ਕਲ ਵੀ ਉਹੀ ਹੈ ਅਤੇ ਧੁਨੀ ਉਹੀ ਹੈ। ਬੱਸ ਏਥੋਂ ਹੀ ਉਨ੍ਹਾਂ ਨੂੰ ਪੰਜਾਬੀ ਬੋਲੀ ਦਾ ਖੁਰਾ-ਖੋਜ ਲੱਭਣ



ਦੀ ਚੇਟਕ ਲੱਗ ਗਈ। ਫਿਰ ਉਨ੍ਹਾਂ ਨੇ ਦੇਸ਼-ਵਿਦੇਸ਼ ਦੇ ਲਿਪੀ ਮਾਹਿਰਾਂ ਦੀਆਂ ਖੋਜ ਦੀਆਂ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਜਿਵੇਂ ਜਿਵੇਂ ਉਹ ਕਿਤਾਬਾਂ ਪੜ੍ਹਦੇ ਗਏ ਉਹ ਹੈਰਾਨ ਵੀ ਹੁੰਦੇ ਗਏ ਅਤੇ ਉਤਸ਼ਾਹਿਤ ਵੀ ਹੁੰਦੇ ਗਏ। ਕਿਉਂਕਿ ਕਿ ਜੋ ਤੱਥ ਉਨ੍ਹਾਂ ਨੂੰ ਮਿਲੇ ਉਹ ਹੈਰਾਨ ਕਰਨ ਵਾਲੇ ਸਨ ਅਤੇ ਉਹ ਉਨ੍ਹਾਂ ਦੀ ਮਾਂ ਬੋਲੀ ਨਾਲ ਸਬੰਧਿਤ ਸਨ। ਖੋਜ ਕਰਦੇ-ਕਰਦੇ ਉਹ ਅੱਗੇ ਵਧੇ ਤਾਂ ਸਿੱਟਾ ਇਹ ਨਿਕਲਿਆ ਕਿ ਇਹ ਅੰਕ (੧-੨-੩-੪-੫......) ਤਾਂ ਪੰਜਾਬੀ ਦੇ ਅੱਖਰਾਂ ਤੋਂ ਪੈਦਾ ਹੋਏ ਹਨ। ਇਸ ਦਾ ਮਤਲਬ ਇਹ ਹੋਇਆ ਕਿ ਅੰਕ (ਹਿਸਾਬ-ਮਓਟਹ) ਦੁਨੀਆਂ ਨੂੰ ਪੰਜਾਬ ਨੇ ਦਿੱਤੇ ਹਨ। ਜੇ ਅੰਕ ਪੰਜਾਬੀ ਵਰਣਮਾਲਾ ਵਿੱਚੋਂ ਪੈਦਾ ਹੋਏ ਨੇ ਤਾਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬੀ ਲਿਪੀ ਕਿੰਨੀ ਪੁਰਾਣੀ ਹੋਵੇਗੀ? ਮਾ: ਬਿੱਕਰ ਸਿੰਘ ਹਾਂਗਕਾਂਗ ਦਾ ਮੰਨਣਾ ਹੈ ਗੁਰਮੁਖੀ ਲਿਪੀ ਦੇ ਅੱਧੇ ਅੱਖਰ ਫਿਰੋਸ਼ੀਅਨ ਲਿਪੀ ਵਿਚੋਂ ਆਏ ਹਨ ਅਤੇ ਅੱਧੇ ਅੱਖਰ ਪੰਜਾਬ ਵਿੱਚ ਹੀ ਪੈਦਾ ਹੋਏ ਹਨ। ਮਾ: ਜੀ ਭਾਰਤ ਦੀਆਂ ਸਾਰੀਆਂ ਲਿਪੀਆਂ ਅਤੇ ਕੁੱਝ ਵਿਦੇਸ਼ੀ ਲਿਪੀਆਂ ਪੜਨ ਦੀ ਮੁਹਾਰਤ ਰੱਖਦੇ ਹਨ।

ਸ਼ੁਰੂ ਵਿੱਚ ਪੰਜਾਬੀ ਲਿਪੀ ਅਤੇ ਅੰਕਾਂ ਬਾਰੇ ਉਨ੍ਹਾਂ ਦੇ ਕੁੱਝ ਲੇਖ ਅਖ਼ਬਾਰਾਂ ਵਿੱਚ ਛਪੇ ਤਾਂ





**SARDAR JI ACADEMY**

**...KNOWLEDGE TEST...**

**CAR, TRUCK, TAXI & AIR BRAKE**



ਲਰਨਿੰਗ ਲਾਇਸੈਂਸ ਦੀ ਪੰਜਾਬੀ ਅਤੇ ਅੰਗਰੇਜੀ ਵਿਚ ਤਿਆਰੀ ਕਰਵਾਈ ਜਾਂਦੀ ਹੈ

**FORKLIFT TRAINING**

ਇਥੇ ਫੋਰਕਲਿਫਟ ਦੇ ਲਾਇਸੈਂਸ ਅਤੇ ਸਿਟੀਜਨਸ਼ਿਪ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ

**Ph:778-892-4655**

**#201-12885-85Ave, Surrey**

Near Gurdwara Dashmesh Darbar

## ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

31 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਚਮਕੌਰ ਸਿੰਘ ਸਿੱਧੂ ਪਰਿਵਾਰ ਵੱਲੋਂ

1 ਅਗਸਤ ਦਿਨ ਸ਼ਨਿੱਚਰਵਾਰ ਸਵੇਰੇ 9:30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕਮਲਦੀਪ ਸਿੰਘ ਪਰਿਵਾਰ ਵੱਲੋਂ

1 ਅਗਸਤ ਦਿਨ ਸ਼ਨੀਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਜਗਬੀਰ ਸਿੰਘ ਸੈਣੀ ਪਰਿਵਾਰ ਵੱਲੋਂ

2 ਅਗਸਤ ਦਿਨ ਐਤਵਾਰ ਸਵੇਰੇ 9 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਚਮਨਦੀਪ ਸਿੰਘ ਚਹਿਲ ਪਰਿਵਾਰ ਵੱਲੋਂ

2 ਅਗਸਤ ਦਿਨ ਐਤਵਾਰ ਸਵੇਰੇ 9:30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਬਲਵੀਰ ਸਿੰਘ ਸੰਧੂ ਪਰਿਵਾਰ ਵੱਲੋਂ

2 ਅਗਸਤ ਦਿਨ ਐਤਵਾਰ ਸਵੇਰੇ 11 ਵਜੇ ਅਨੰਦ ਕਾਰਜ ਬੀਬੀ ਸੁਮਨਪ੍ਰੀਤ ਕੌਰ ਕਾਕਾ ਨਵਜੋਤ ਸਿੰਘ

2 ਅਗਸਤ ਦਿਨ ਐਤਵਾਰ 12 ਵਜੇ ਤੋਂ 4 ਵਜੇ ਤੱਕ ਨਾਮ ਸਿਮਰਨ ਜਾਪ ਚੌਪਹਿਰਾ ਸਮਾਗਮ

4 ਅਗਸਤ ਦਿਨ ਮੰਗਲਵਾਰ 9 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਜੀਤ ਸਿੰਘ ਅਟਵਾਲ ਪਰਿਵਾਰ ਵੱਲੋਂ

6 ਅਗਸਤ ਦਿਨ ਵੀਰਵਾਰ ਸਵੇਰੇ 11 ਵਜੇ ਤੋਂ 1 ਵਜੇ ਤੱਕ ਪਾਠ ਸ੍ਰੀ ਸੁਖਮਨੀ ਸਾਹਿਬ ਬੀਬੀਆਂ ਦੇ ਜਥੇ ਵੱਲੋਂ


**ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ**

| ਰਾਗੀ ਜੱਥਾ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਸਤਨਾਮ ਸਿੰਘ<br>ਲੁਧਿਆਣੇ ਵਾਲੇ | ਗਿਆਨੀ ਨਿਰਵੈਲ ਸਿੰਘ<br>ਬੀੜ ਬਾਬਾ ਬੁੱਢਾ ਜੀ ਵਾਲੇ | 604-585-0319 |

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

**ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319**

**ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007**



ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼

5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ

6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ

8-8:30 ਵਜੇ ਤੱਕ: ਕਥਾ ਹੁਕਮਨਾਮਾ

8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ

6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਕੀ ਬਿਨਾਂ-ਨੇਤਾ ਵਾਲੇ ਵਿਦਰੋਹਾਂ ਦਾ ਦੌਰ ਸ਼ੁਰੂ ਹੋ ਗਿਆ ਹੈ?

ਇੱਕ ਗਲੋਬਲ (ਖਤਰਿਆਂ ਨੂੰ ਭਾਪਣ ਵਾਲੀ ਸਰਵੇ ) ਕੰਪਨੀ ਹੈ ਜੋ 198 ਦੇਸ਼ਾਂ ਬਾਰੇ ਡਾਟਾ ਇਕੱਠਾ ਕਰਦੀ ਹੈ ਅਤੇ ਵੱਖ-ਵੱਖ ਰਿਸਕ ਵਾਲੇ ਖਾਨੇ ਬਣਾਉਂਦੀ ਹੈ। ਜਿਸ ਵਿੱਚ ਦੁਨੀਆਂ ਦੇ ਪਹਿਲੇ 10 ਖਤਰੇ ਵਾਲੇ ਮੁਲਕਾਂ ਵਿੱਚ ਭਾਰਤ ਦਾ ਨਾਂ ਆਉਦਾ ਹੈ। ਜਿਥੇ (ਜਿਨ ਜੀ) ਨੌਜਵਾਨ ਪੀੜ੍ਹੀ ਵੱਲੋਂ ਬਦਲਾਬ ਦੇ ਖਤਰੇ ਵੱਧ ਹਨ। ਇਸ ਵਿੱਚ ਅਮਰੀਕਾ ਸਮੇਤ ਜਰਮਨੀ, ਫਰਾਂਸ, ਸਪੇਨ, ਇਟਲੀ,ਯੂਕੇ ਆਦਿ ਦੇਸ਼ ਵੀ ਆਉਦੇ ਹਨ। ਇਹ ਹਰ ਦੇਸ਼ ਦੀ ਅਸਲ ਸਥਿਤੀ ਬਾਰੇ ਇਕ ਸਾਲ ਪਹਿਲਾ ਹੀ ਬਹੁਪੱਖੀ ਖਤਰਿਆਂ ਦੇ ਸਰਵੇ (ਇੰਡੇਕਸ) ਬਣਾ ਕੇ ਇੰਨਸ਼ੋਰੰਸ ਕੰਪਨੀਆਂ, ਅੰਤਰਰਾਸ਼ਟਰੀ ਕੰਪਨੀਆਂ ਅਤੇ ਨਿਵੇਸ਼ ਵਾਲੀਆਂ ਕੰਪਨੀਆਂ ਨੂੰ ਸੇਵਾਵਾਂ ਦਿੰਦੀ ਹੈ। ਜੋ ਵੱਡੇ ਕਾਰਪੋਰੇਟ ਨੂੰ ਆਪਣੇ ਕਾਰੋਬਾਰ ਦੇ ਭਵਿੱਖ ਲਈ ਪਹਿਲਾਂ ਹੀ ਫੈਸਲੇ ਲੈਣ ਵਿੱਚ ਮਦਦ ਮਿਲਦੀ ਹੈ। ਤਾਂ ਕਿ ਪਤਾ ਲੱਗ ਸਕੇ ਕਿ ਆਉਣਾ ਵਾਲਾ ਸਮਾਂ ਵਿਉਪਾਰ ਲਈ ਕਿਸ ਕਰਵਟ ਵੱਲ ਮੋੜ ਲੈ ਸਕਦਾ ਹੈ।

ਭਾਰਤ ਵਿੱਚ ਰਾਜਨੀਤਕ ਤਾਕਤ ਨਾਲ ਅਸਲ ਮੁੱਦਿਆਂ ਨੂੰ ਦਬਾਇਆ ਜਾ ਰਿਹਾ। ਪਰ ਸਥਿਤੀ ਗੰਭੀਰਤਾ ਨਾਲ ਲੱਥਪੱਥ ਹੈ। ਇਹੀ ਕਾਰਨ ਹੈ ਕਿ ਭਾਰਤ ਵਿੱਚੋ ਪਿਛਲੇ ਸਾਲਾਂ ਵਿੱਚ ਦੁਨਿਆਂ ਦੀਆਂ ਅੰਤਰਰਾਸ਼ਟਰੀ ਕੰਪਨੀਆਂ ਨੇ ਵੱਡਾ ਨਿਵੇਸ਼ ਭਾਰਤ ਤੋ ਬਾਹਰ ਕੱਢ ਲਿਆ ਹੈ। ਭਾਰਤ ਵਿੱਚ ਬੇਰੁਜਗਾਰੀ, ਭ੍ਰਿਸ਼ਟਾਚਾਰ, ਅਸਮਾਨਤਾ ਦੇ ਕਾਰਨ ਨੌਜਵਾਨ ਦਾ ਅੰਦੋਲਨ ਹੋਣ ਦੀਆਂ ਸੰਭਾਵਨਾਂ ਵੱਧ ਗਈਆਂ ਹਨ। 2024 ਵਿੱਚ ਬੰਗਲਾਦੇਸ਼, ਕੀਨੀਆ, ਅਤੇ ਸਰਬੀਆ ਵਿੱਚ ਵੱਡੇ ਸਰਕਾਰ ਵਿਰੋਧੀ ਪ੍ਰਦਰਸ਼ਨ ਹੋਏ। 2025 ਇੰਡੋਨੇਸ਼ੀਆ, ਮੈਡਾਗਾਸਕਰ, ਮੈਕਸੀਕੋ, ਮੋਰੱਕੋ, ਨੇਪਾਲ, ਪੇਰੂ, ਫਿਲਿਪੀਨਜ਼, ਅਤੇ ਟਿਮੋਰ-ਲੇਸਟੇ ਸਮੇਤ ਕੁੱਲ 11 ਦੇਸ਼ਾਂ ਵਿੱਚ ਬਿਨਾਂ-ਨੇਤਾ ਵਾਲੇ ਵਿਦਰੋਹ ਨੇ ਸਰਕਾਰਾਂ ਨੂੰ ਹਿਲਾ ਦਿੱਤਾ। ਜਿਥੇ ਜਾਂ ਤਾਂ ਸਰਕਾਰਾਂ ਨੂੰ ਰਾਤੋ ਰਾਤ ਭੱਜਣਾ ਪਿਆ, ਜਾਂ ਸਹਿਮਤੀ ਬਣਾ ਕੇ ਅਸਲ ਮੁੱਦਿਆਂ ਵੱਲ ਮੂੰਹ ਕਰਕੇ ਨਿਜੱਠੇ ਜਾਣ ਲੱਗੇ।

ਇਸ ਦੀ ਸ਼ੁਰੂਆਤ ਸਾਨੂੰ ਫਰਾਂਸ ਵਿੱਚ ਹੋਏ (ਪੀਲੀ ਜੈਕਟ) ਪ੍ਰਦਰਸ਼ਨਾਂ ਨੂੰ ਮੰਨਣਾ ਪਵੇਗਾ। 17 ਨਵੰਬਰ 2018 ਨੂੰ ਜਦੋਂ ਪਹਿਲੀ ਵਾਰ ਦੇਸ਼ ਭਰ ਵਿੱਚ 2,000 ਤੋਂ ਵੱਧ ਥਾਵਾਂ 'ਤੇ ਲੋਕ ਸੜਕਾਂ, ਰਾਉਂਡ ਅਬਾਊਟ ਅਤੇ ਟੋਲ ਬੂਥਸ 'ਤੇ ਇਕੱਠੇ ਹੋਏ। ਇਹ ਲਹਿਰ ਕਈ ਮਹੀਨੇ 2018 , 2019 ਵਿੱਚ ਅਤੇ ਕੁਝ ਹੱਦ ਤੱਕ 2020 ਤੱਕ ਹਰ ਸ਼ਨੀਵਾਰ ਨੂੰ ਜਾਰੀ ਰਹੀ। ਫਰਾਂਸ ਦੀ ਸਰਕਾਰ ਨੇ ਡੀਜ਼ਲ ਅਤੇ ਪੈਟਰੌਲ'ਤੇ ਵਾਤਾਵਰਣ ਟੈਕਸ ਵਧਾਉਣ ਦਾ ਐਲਾਨ ਕੀਤਾ ਸੀ। ਫਰਾਂਸ ਵਿੱਚ ਹਰ ਵਹੀਕਲ ਵਿੱਚ ਕਾਨੂੰਨੀ ਤੌਰ 'ਤੇ ਇੱਕ ਪੀਲੀ ਜੈਕਟ ਰੱਖਣੀ ਲਾਜ਼ਮੀ ਹੈ ਜੋ ਐਮਰਜੈਂਸੀ ਵੇਲੇ ਪਾਉਣ ਲਈ ਹੁੰਦੀ ਹੈ ਪਰ ਪ੍ਰਦਰਸ਼ਨਕਾਰੀਆਂ ਨੇ ਇਹੀ ਪੀਲੀ ਜੈਕਟ ਪ੍ਰਤੀਕ ਵਜੋਂ ਪਾਈ, ਜੋ ਹਰ ਆਮ ਫਰਾਂਸੀਸੀ ਦੀ ਪਹੁੰਚ ਵਿੱਚ ਸੀ। ਇਵੇ ਹੀ ਸੀ ਜਿਵੇ ਕੋਕਰੋਜ ਜਨਤਾ ਪਾਰਟੀ ਦੇ ਜੰਤਰ ਮੰਤਰ ਤੇ ਪਹਿਲੇ ਪ੍ਰਦਰਸ਼ਨ ਵਿੱਚ ਲੋਕਾਂ ਨੇ ਆਪਣੇ ਮੂੰਹ ਤੇ ਕੋਕਰੋਜ ਦੇ ਮਾਸਕ ਪਾ ਕੇ ਪ੍ਰਦਰਸ਼ਨ ਕੀਤਾ ਸੀ।

ਭਾਰਤ ਵਿੱਚ 'ਨੀਟ' ਦੀਆਂ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਣ ਤੇ ਲੱਖਾਂ ਲੋਕਾਂ ਦੀਆਂ ਭਵਿੱਖੀ ਆਸਾਂ ਨੂੰ ਵੱਡੀ ਸੱਟ ਵੱਜੀ ਹੈ। ਮਾਪਿਆਂ ਦੀ ਕਰਜ਼ਿਆਂ ਨਾਲ ਬੱਚਿਆਂ ਦੀ ਪੜਾਈ ਕਰਕੇ ਨਿਕਲੀ ਮਿੱਜ਼ ਨੂੰ ਵੇਖ ਅਨੇਕਾਂ ਵਿਦਿਆਰਥੀਆਂ ਨੇ ਖੁਦਕਸ਼ੀਆਂ ਕੀਤੀਆਂ ਹਨ। ਵਿਦਿਆਰਥੀਆਂ ਦੇ ਭਵਿੱਖ ਲਈ ਕੋਈ ਯੋਗ ਉਦਮ ਨਹੀ ਕੀਤੀ ਗਏ। ਇਥੇ ਸ਼ਾਜਿਸ ਕਰਤਾ ਲੋਕਾਂ ਨਾਲ ਸਰਕਾਰਾਂ ਦੀ ਮਿਲੀ ਭੁਗਤ ਸਾਹਮਣੇ ਵਿਖਾਈ ਦਿੰਦੀ ਹੈ। ਪਿਛਲੇ ਸਾਲਾਂ ਤੋ ਲਗਾਤਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਵਿਧਾਨਿਕ ਕਾਨੂੰਨ ਹੁੰਦੇ ਹੋਏ ਦੋਸ਼ੀਆਂ ਉਪਰ ਕਾਰਵਾਈਆਂ ਬਿਲਕੁਲ ਨਾਂਹ ਬਰਾਬਰ ਹਨ। ਸਗੋ ਜੁਆਬ ਦੇਹੀ ਲਈ ਸਬੰਧਿਤ ਮੰਤਰੀਆਂ ਨੂੰ ਦੋਸ਼ ਮੁਕਤ ਕਰਕੇ ਉਹਨਾਂ ਦੇ ਅਹੁਦੇ ਬਰਕਾਰਾਰ ਰੱਖੇ ਹੋਏ ਹਨ।

ਕਾਕਰੋਚ ਜਨਤਾ ਪਤਾਰਟੀ ਅਮਰੀਕਾ ਵਿਖੇ ਰਹਿੰਦੇ ਭਾਰਤੀ ਵਿਦਿਆਰਥੀ ਅਭੀਜੀਤ ਦੀਪਕੇ ਨੇ ਬਣਾਈ ਹੈ। ਜਿਸ ਦੀ ਬੁਨਿਆਦ ਭਾਰਤ ਦੀ ਸੁਪਰੀਮ ਕੋਰਟ ਦੇ ਚੀਫ ਜਸਿਟਸ ਸੂਰੀਆ ਕਾਂਤ ਦੇ ਉਸ ਬਿਆਨ ਜਿਸ ਵਿੱਚ ਉਹਨਾਂ ਨੇ ਬੇਰੁਜ਼ਗਾਰ ਨੌਜਵਾਨਾਂ/ਕਾਰਕੁਨਾਂ ਦੀ ਤੁਲਨਾ ਕਾਕਰੋਚ" ਨਾਲ ਕੀਤੀ ਗਈ ਸੀ।ਸ਼ੋਸਲ ਮੀਡੀਏ ਦੀ ਵਰਤੋ ਕਰਕੇ ਕੋਕਰੋਜ ਜਨਤਾ ਪਾਰਟੀ ਬਣਾਈ ਗਈ ਹੈ ਭਾਵੇ ਕਿ ਇਸ ਦੇ ਪਿਛੇ ਲੁਕੇ ਭੇਤਾਂ ਦੀ ਅਜ਼ੇ ਕੋਈ ਉੱਘ ਸੁੱਘ ਨਹੀ। ਇਸ ਨੇ ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਜੰਤਰ ਮੰਤਰ ਤੇ ਇਕ ਲੰਮਾਂ ਸ਼ੰਘਰਸ਼ ਸੁਰੂ ਕੀਤਾ ਹੈ। ਜਿਸ ਦੀ ਪ੍ਰਮੁੱਖ ਮੰਗ ਕੇਂਦਰ ਵਿੱਚ ਮੋਦੀ ਸਰਕਾਰ ਦੇ ਸਬੰਧਿਤ ਸਿੱਖਿਆ ਮੰਤਰੀ ਨੂੰ ਆਹੁਦੇ ਤੋ ਹਟਾਉਣਾ। ਖੁਦਕਸ਼ੀਆਂ ਕਰ ਗਏ ਵਿਦਿਆਰਥੀਆਂ ਲਈ ਢੁੱਕਵਾਂ ਮੁਆਵਜ਼ਾ ਦੇਣਾ, ਪ੍ਰੀਖਿਆ ਪ੍ਰਣਾਲੀ ਵਿੱਚ ਵਿਆਪਕ ਸੁਧਾਰ ਕਰਨਾ ਸ਼ਾਮਲ ਹੈ।

20 ਜੁਲਾਈ ਨੂੰ ਪੁਲਿਸ ਵੱਲੋ ਧਰਨੇ ਵਿੱਚ ਤਸ਼ਦੱਤ ਕਰਨ ਅਤੇ ਧਰਨਾਕਾਰੀਆਂ ਤੇ ਦਰਜ਼ ਕੀਤੇ ਕੇਸਾਂ ਨੂੰ ਖਤਮ ਕਰਨਾ। ਇਕ ਅਸਰਦਾਰ ਕਾਨੂੰਨ ਦੀ ਜਰੂਰੀ ਮੰਗ ਨੂੰ ਪੂਰਾ ਕਰਨਾ ਹੈ। ਅੱਜ 25 ਜੁਲਾਈ ਨੂੰ ਭਾਰਤੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਅਸਤੀਫਾ ਹੋ ਗਿਆ ਹੈ।ਜੈਨ ਜੀ ਦੇ ਭੈਅ ਵਿੱਚ ਆਈ ਸਰਕਾਰ ਹੋਰ ਵੀ ਸਾਰੀਆਂ ਮੰਗਾਂ ਮੰਨ ਸਕਦੀ ਹੈ।

ਹੁਣ ਆਉਣ ਵੇਲੇ ਸਮੇ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫੇ ਲੈਣ ਵੱਲ ਵੱਧਣ ਦੇ ਅਸਾਰ ਪੈਦਾ ਹੋ ਗਏ ਹਨ। ਵਿਰੋਧੀ ਧਿਰ ਦਾ ਰੋਲ ਦੁਨਿਆਂ ਨੂੰ ਇਹ ਦੱਸਣ ਵਿੱਚ ਕਾਮਯਾਬ ਹੋਇਆ ਹੈ ਕਿ ਨਰਿੰਦਰ ਮੋਦੀ ਦੀ ਨਫਰਤੀ ਰਾਜਨੀਤੀ ਨੇ ਭਾਰਤ ਦੀ ਸਥਿਤੀ ਨੂੰ ਕਮਜੋਰ ਕੀਤਾ ਹੈ। ਰਾਹੁਲ ਗਾਂਧੀ ਦੀ ਭਵਿਖਬਾਣੀ ਹੈ ਕਿ ਨਰਿੰਦਰ ਮੋਦੀ ਆਪਣੀ ਪ੍ਰਧਾਨ ਮੰਤਰੀ ਦੀ ਪਦਵੀ ਛੱਡ ਕੇ ਭੱਜੇਗਾ!

ਪਿਛਲੇ 12 ਸਾਲਾਂ ਦੀ ਰਾਜਨੀਤੀ ਵਿੱਚ ਮੋਦੀ ਸਰਕਾਰ ਦੀ ਦਿੱਲੀ ਦੇ ਕਿਸਾਨ ਧਰਨੇ ਤੋ ਬਾਆਦ ਇਹ ਦੂਜੀ ਵੱਡੀ ਹਾਰ ਹੈ। ਜੋ ਭਾਰਤ ਜਨਤਾ ਪਾਰਟੀ ਲਈ ਖਤਰੇ ਦਾ ਮੁੱਢ ਬਣ ਸਕਦੀ ਹੈ।ਇਹ ਦੁਨੀਆਂ ਵਿੱਚ ਨਵੀ ਤਵੱਕੋ ਦੀ ਸਿਆਸਤ ਵਿੱਚ ਸਰਕਾਰਾਂ ਦੀ ਜੁਆਬਦੇਹੀ ਨੂੰ ਨੌਜਵਾਨ ਪੀੜ੍ਹੀ ਨੇ ਜੈਨ ਜੀ ਰੈਵੂਲੋਸ਼ਨ ਨਾਲ ਪੁਖਤਾ ਕੀਤਾ ਹੈ। ਸਰਕਾਰਾਂ ਦੀ ਬਹੁਮਤ ਦੇ ਅੰਕੜੇ ਵੀ ਬੇ-ਮਾਇਨਾ ਹਨ। ਅਗਰ ਦੇਸ਼ ਅਤੇ ਲੋਕਾਂ ਦੇ ਭਵਿੱਖ ਲਈ ਸਹੀ ਫੈਸਲੇ ਅਤੇ ਯੋਜਨਾਵਾਂ ਨਹੀ ਬਨਣਗੀਆਂ।ਸਵਾਲ ਹੈ ਕਿ ਬਿਨਾਂ-ਨੇਤਾ ਵਾਲੇ ਵਿਦਰੋਹਾਂ ਦਾ ਦੌਰ ਸ਼ੁਰੂ ਹੋ ਗਿਆ ਹੈ ?ਇੱਕ ਅਮਰੀਕੀ ਖੋਜ ਸੰਸਥਾ ਹੈ ਦੇ ਵਿਸ਼ਲੇਸ਼ਕ ਇਸ ਨੂੰ ਬਿਨਾ ਲੀਡਰ ਤੋਂ ਬਦਲਾਅ ਕਹਿੰਦੇ ਹਨ — ਲੇਬਨਾਨ ਅਤੇ ਇਰਾਕ ਦੇ ਪ੍ਰਧਾਨ ਮੰਤਰੀਆਂ ਦੇ ਅਸਤੀਫ਼ੇ ਤੋਂ ਲੈ ਕੇ ਚਿਲੀ, ਹਾਂਗਕਾਂਗ, ਸਪੇਨ, ਬੋਲੀਵੀਆ, ਇਕਵਾਡੋਰ ਤੱਕ ਇਹ ਦੱਸਦੇ ਹਨ ਕਿ ਦੁਨੀਆ ਗਲੋਬਲ ਰਾਜਸੀ ਬਦਲਾਅ " ਦੇ ਦੌਰ ਵਿੱਚ ਹੈ। ਸੋ 'ਜਿਨ ਜ਼ੀ ਇੰਕਲਾਬ' ਇਹਨਾਂ ਲਹਿਰਾਂ ਦੇ ਇੰਜਣ ਬਣ ਰਹੇ ਹਨ, ਅਤੇ ਸੋਸ਼ਲ ਮੀਡੀਆ ਇਹਨਾਂ ਨੂੰ ਤੇਜ਼ ਕਰ ਰਿਹਾ ਹੈ। ਇਹ ਵਰਤਾਰਾ ਵੀ ਦੋ-ਧਾਰੀ ਤਲਵਾਰਾਂ ਵਾਂਗ ਹੈ।

ਹਾਲਾਂਕਿ ਕੋਈ ਇੱਕ ਬੰਦਾ "ਵਿਕ" ਨਹੀਂ ਸਕਦਾ ਪਰ ਜਿੱਥੇ ਹਰ ਕੋਈ ਜ਼ਿੰਮੇਵਾਰ ਹੁੰਦਾ ਹੈ ਜਾਂ ਹਜੂਮ ਦੀ ਸ਼ਕਲ ਹੁੰਦੀ ਹੈ। ਉੱਥੇ ਅਸਲ ਵਿੱਚ ਕੋਈ ਵੀ ਲੰਬੀ-ਮਿਆਦ ਦੀ ਰਣਨੀਤੀ ਬਣਾਉਣ ਦੀ ਸਥਿਤੀ ਵਿੱਚ ਨਹੀਂ ਹੁੰਦਾ।

ਡਰ, ਦੰਗੇ ਫਸਾਦਾਂ ਦਾ ਖਤਰਾ ਵੀ ਵੱਡਾ ਅਤੇ ਲੰਮੇ ਮਾੜੇ ਅਸਰ ਦੇਣ ਵਾਲਾ ਹੋ ਸਕਦਾ ਹੈ। ਸੋ ਦੁਨੀਆਂ ਨੇ ਇਕ ਨਵੇ ਨਿਵੇਕਲੇ ਅੰਦੋਲਨ ਦੌਰ ਵਿੱਚ ਪਰਵੇਸ਼ ਲਿਆ ਹੈ। ਬਹੁਤ ਚੰਗੀਆਂ ਸੰਭਾਵਨਾਵਾਂ ਲਈ ਆਸਵੰਦ ਰਹਿਣਾ ਚਾਹਿਦਾ ਹੈ।



**-ਸ. ਦਲਵਿੰਦਰ ਸਿੰਘ**
**ਘੁੰਮਣ ਪੈਰਿਸ**

---

ਪਾਠਕਾਂ/ਵਿਦਵਾਨਾਂ ਦੇ ਫੋਨਾਂ ਨੇ ਉਨ੍ਹਾਂ ਨੂੰ ਕਾਫੀ ਉਤਸ਼ਾਹਿਤ ਕੀਤਾ। ਫਿਰ ਪਿੰਡ ਦੇ ਹੀ ਇੱਕ ਨੌਜਵਾਨ ਨੇ ਉਨ੍ਹਾਂ ਦੀਆਂ ਵੀਡੀਓਜ਼ ਬਣਾ ਕੇ ਆਪਣੇ ਚੈਨਲ ਤੇ ਪਾਈਆਂ ਤਾਂ ਦੀ ਖੋਜ ਦੀ ਚਰਚਾ ਵਿਦੇਸ਼ਾਂ ਵਿੱਚ ਵੀ ਹੋਣ ਲੱਗੀ। ਹੁਣ ਹੋਰ ਵੀ ਚੈਨਲਾਂ ਵਾਲੇ ਉਨ੍ਹਾਂ ਦੀਆਂ ਪੰਜਾਬੀ ਲਿਪੀ ਬਾਰੇ ਵੀਡੀਓਜ਼ ਬਣਾ ਕੇ ਆਪਣੇ ਚੈਨਲਾਂ ਤੇ ਚਲਾ ਰਹੇ ਹਨ। ਇਸ ਸਮੇਂ ਉਨ੍ਹਾਂ ਦੀ ਉਮਰ 76 ਸਾਲ ਦੀ ਹੋ ਚੁੱਕੀ ਹੈ। ਉਮਰ ਵਡੇਰੀ ਹੋਣ ਕਰਕੇ ਉਹ ਚਹੁੰਦੇ ਹਨ ਕਿ ਕੋਈ ਨੌਜਵਾਨ ਇਸ ਖੋਜ ਕਾਰਜ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਅੱਗੇ ਵਧਾਵੇ ਤਾਂ ਕਿ ਇਹ ਹੈਰਾਨੀਜਨਕ ਤੱਥ ਦੁਨੀਆਂ ਭਰ ਦੇ ਲਿਪੀ ਮਾਹਿਰਾਂ ਤੱਕ ਪਹੁੰਚਣ ਅਤੇ ਅਸੀਂ ਪੰਜਾਬੀ ਆਪਣੀ ਬੋਲੀ ਤੇ ਮਾਣ ਕਰ ਸਕੀਏ।

ਏਥ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਮਾ: ਬਿੱਕਰ ਸਿੰਘ ਹਾਂਗਕਾਂਗ ਉੱਚੀ ਸੋਚ ਵਾਲੇ ਅਤੇ ਸਮਾਜਸੇਵੀ ਵੀ ਹਨ ਜੋ ਅੱਜਕੱਲ੍ਹ ਮੋਗੇ ਜ਼ਿਲ੍ਹੇ ਦੇ ਵੱਡੇ ਪਿੰਡ ਭਲੂਰ ਵਿੱਚ ਰਹਿ ਰਹੇ ਹਨ। ਉਨ੍ਹਾਂ ਦਾ ਪਰਿਵਾਰ ਭਾਵੇਂ ਕੈਨੇਡਾ ਵਿੱਚ ਸੈੱਟ ਹੈ ਪਰ ਉਨ੍ਹਾਂ ਨੂੰ ਆਪਣੀ ਜਨਮ ਭੂਮੀ ਅਤੇ ਆਪਣੀ ਮਾਂ ਬੋਲੀ ਨਾਲ ਅੰਤਾਂ ਦਾ ਮੋਹ ਹੋਣ ਕਰਕੇ ਉਹ ਆਪਣੇ ਜੱਦੀ ਪਿੰਡ ਵਿੱਚ ਹੀ ਰਹਿਣਾ ਪਸੰਦ ਕਰਦੇ ਹਨ।

**-ਜਸਵੀਰ ਸਿੰਘ ਭਲੂਰੀਆ**
**ਸਰੀ(ਬੀ.ਸੀ.): +1-236-622-7799**




VELOCITY
TRUCK CENTRES

# DRIVE FORWARD WITH VELOCITY

## ਟਰੱਕ ਅਤੇ ਟਰੇਲਰਾਂ ਲਈ ਵੈਸਟਰਨ ਕਨੇਡਾ ਵਿਚ ਤੁਹਾਡਾ ਭਰੋਸੇਯੋਗ ਸਾਥੀ

ਸਾਡੀਆਂ ਮਾਹਰ ਟੀਮਾਂ ਅਤੇ ਪੂਰੀਆਂ ਸੇਵਾਵਾਂ ਦੀ ਰੇਂਜ ਨਾਲ
ਅਸੀਂ ਤੁਹਾਡੇ ਸਫਰ ਦੇ ਹਰ ਪੜਾਅ ਤੇ ਭਰੋਸੇਯੋਗ, ਪੂਰਨ ਸਹਾਇਤਾ ਪ੍ਰਦਾਨ ਕਰਦੇ ਹਾਂ

## ਨਵੇਂ ਅਤੇ ਯੂਜਡ ਟਰੱਕ, ਟਰੇਲਰ, ਬੱਸਾਂ




**TOTAL CUSTOMER SUPPORT**

- ਸੇਲਜ: ਨਵੇਂ ਅਤੇ ਵਰਤੇ ਹੋਏ ਟਰੱਕ, ਟ੍ਰੇਲਰ, ਬੱਸਾਂ
- ਸੇਵਾਵਾਂ: ਸਾਰੇ ਮੇਕ ਅਤੇ ਮਾਡਲ
- ਪਾਰਟਸ: ਪਾਰਟਸ ਅਤੇ ਆਫਟਰ ਮਾਰਕੀਟ
- *ਬਾਡੀਸ਼ਾਪ: ਪੂਰੀ-ਸੇਵਾ ਕੁਲੀਜਨ ਰਿਪੇਅਰ

LOCATIONS

*ਪਾਰਟਸ ਅਤੇ ਆਫਟਰ ਮਾਰਕੀਟ ਪਾਰਟਸ *ਹਰੇਕ ਮੇਕ ਅਤੇ ਮਾਡਲ *ਬਾਡੀਸ਼ਾਪ ਫੁੱਲ ਸਰਵਿਸ ਕੁਲੀਜਨ ਰਿਪੇਅਰ

## ਕਿਰਾਏ ਤੇ ਲੋੜ ਹੈ?



ਭਾਵੇਂ ਤੁਸੀਂ ਥੋੜ੍ਹੇ ਸਮੇਂ ਦੇ ਪਾੜੇ ਨੂੰ ਭਰ ਰਹੇ ਹੋ ਜਾਂ ਆਪਣੇ ਫਲੀਟ ਦਾ ਵਿਸਥਾਰ ਕਰ ਰਹੇ ਹੋ, ਵੇਲੋਸਿਟੀ ਟਰੱਕ ਰੈਂਟਲ ਅਤੇ ਲੀਜ਼ਿੰਗ ਤੁਹਾਡੇ ਕਾਰੋਬਾਰ ਨੂੰ ਚਲਦਾ ਰੱਖਣ ਲਈ ਤਿਆਰ ਕੀਤੇ ਗਏ ਅਨੁਕੂਲਿਤ ਕਿਰਾਏ ਅਤੇ ਲੀਜ਼ਿੰਗ ਵਿਕਲਪ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਪ੍ਰਦਾਨ ਕਰਦਾ ਹੈ।

ਕਮਰਸ਼ੀਅਲ ਟਰੱਕ ਰੈਂਟਲ ਫੁੱਲ ਸਰਵਿਸ ਲੀਜ਼ਿੰਗ ਫਲੀਟ ਮੈਨੇਜਮੈਂਟ ਸਰਵਿਸਿਜ

Learn More About Our Services
855-412-7431
VelocityTruckRentalAndLeasing.ca

VELOCITY
TRUCK RENTAL & LEASING
CANADA

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call:672-727-9560

# ਇੰਡੋ ਕਨੇਡੀਅਨ ਵੈਟਨੇਰੀਅਨ ਗੌਲਫ ਕਲੱਬ ਵੱਲੋਂ ਤੀ





ਸਰੀ:24 ਜੁਲਾਈ ਦਿਨ ਸ਼ੁੱਕਰਵਾਰ ਨੂੰ ਇੰਡੋ ਕਨੇਡੀਅਨ ਵੈਟਨੇਰੀਅਨ ਗੌਲਫ ਕਲੱਬ ਵੱਲੋਂ ਤੀਸਰਾ ਸਾਲਾਨਾ ਸ਼ਾਨਦਾਰ ਟੂਰਨਾਮੈਂਟ ਕਰਵਾਇਆ ਗਿਆ।ਇਹ ਟੂਰਨਾਮੈਂਟ ਬੀ ਸੀ ਅਤੇ ਅਲਬਰਟਾ ਗਾਈਡ ਡੌਗਜ ਦੀ ਮੱਦਦ ਕਰਨ ਲਈ ਆਯੋਜਿਤ ਕੀਤਾ ਗਿਆ ਸੀ।ਦਰਜਨਾਂ ਟੀਮਾਂ ਨੇ ਇਸ ਟੂਰਨਾਮੈਂਟ ਵਿਚ ਭਾਗ ਲਿਆ।ਜੇਤੂ ਟੀਮ ਅਭੈ ਸੰਧੂ, ਔਰਡਰਿਕ ਜੌਰਜ ਅਤੇ ਤੇਜਬੀਰ ਬੀਸਲਾ ਦੀ ਟੀਮ ਰਹੀ।ਇਸ ਟੂਰਨਾਮੈਂਟ ਨੂੰ ਸਥਾਨਕ ਬਿਜਨਸ ਅਦਾਰਿਆਂ ਨੇ ਵੀ ਸਪਾਂਸਰ ਕੀਤਾ ਸੀ ਜਿਹਨਾਂ ਦੇ ਨਾਮ ਇਸ ਤਰ੍ਹਾਂ ਹਨ:
AVP (Associated Veterinary Purchasing), Elanco Canada TIER, IDEXX Laboratories Canada, Antech Diagnostics Canada, Summit Veterinary Pharmacy, Zoetis Canada, Hill's Pet Nutrition Hole, Pro Concepts Animal Health, ProNorth Medical, Royal Canin Canada Overdue, Audi Richmond, Gateway Pet Memorial, Medna Medical Equipment, One Seven Construction, Ramad Services Inc. (Dr. Haider), BMG Group, Central Animal Emergency Clinic, Khalsa Credit Union, Pets Furever Memorial, Think Insurance, Vetoquinol Overdue,WDDC (Western Drug Distribution Center)





# ਸਰਾ ਸਾਲਾਨਾ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਸਮਾਪਤ










# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

29 ਜੁਲਾਈ ਦਿਨ ਬੁੱਧਵਾਰ ਸਵੇਰੇ 10 ਵਜੇ ਰਵਿੰਦਰ ਬਾਠ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

30 ਜੁਲਾਈ ਦਿਨ ਵੀਰਵਾਰ ਸਵੇਰੇ 10 ਵਜੇ ਬਲਕਾਰ ਸਿੰਘ ਪਰਿਵਾਰ ਵੱਲੋ ਆਨੰਦ ਕਾਰਜ ਦੀ ਰਸਮ ਹੋਵੇਗੀ।

31 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਬਲਵਿੰਦਰ ਸਿੰਘ ਰਾਏ ਪਰਿਵਾਰ ਵੱਲੋ ਆਨੰਦ ਕਾਰਜ ਦੀ ਰਸਮ ਹੋਵੇਗੀ।

1 ਅਗਸਤ ਦਿਨ ਸ਼ਨੀਵਾਰ ਸਵੇਰੇ 10 ਵਜੇ ਨਰਿੰਦਰ ਸਿੰਘ ਪਤਾਰਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

1 ਅਗਸਤ ਦਿਨ ਸ਼ਨੀਵਾਰ ਸ਼ਾਮ 5 ਵਜੇ ਪਰਮਿੰਦਰ ਨਾਹਲ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਨਾਹਲ ਪਰਿਵਾਰ ਵੱਲੋਂ ਹੋਵੇਗੀ।

2 ਅਗਸਤ ਦਿਨ ਐਤਵਾਰ ਸਵੇਰੇ 9:30 ਵਜੇ ਹਫ਼ਤਾਵਾਰੀ ਦੀਵਾਨ 'ਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਗੁਰਬਾਣੀ ਕੀਰਤਨ ਕਥਾ ਵਿਚਾਰ ਤੇ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਜਾਵੇਗੀ।

2 ਅਗਸਤ ਦਿਨ ਐਤਵਾਰ ਸ਼ਾਮ 4:30 ਵਜੇ ਗਿੱਲ ਪਰਿਵਾਰ ਵੱਲੋਂ ਸੁਖਵਿੰਦਰ ਕੌਰ ਗਿੱਲ ਨਮਿਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਅੰਤਮ ਅਰਦਾਸ ਹੋਵੇਗੀ।

3 ਅਗਸਤ ਦਿਨ ਸੋਮਵਾਰ ਸਵੇਰੇ 10 ਵਜੇ ਬਲਜਿੰਦਰ ਕੌਰ ਸਹੋਤਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

5 ਅਗਸਤ ਦਿਨ ਬੁੱਧਵਾਰ ਸਵੇਰੇ 10 ਵਜੇ ਜੈਸਮੀਨ ਕੌਰ ਮੁੱਕਰ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

5 ਅਗਸਤ ਦਿਨ ਬੁੱਧਵਾਰ ਸ਼ਾਮ 4 ਵਜੇ ਬਸਰਾ ਪਰਿਵਾਰ ਵੱਲੋਂ ਸੋਹਣ ਸਿੰਘ ਬਸਰਾ ਨਮਿਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਅੰਤਿਮ ਅਰਦਾਸ ਹੋਵੇਗੀ

6 ਅਗਸਤ ਦਿਨ ਵੀਰਵਾਰ ਸਵੇਰੇ 10 ਵਜੇ ਮੱਖਣ ਰਾਏ ਪਰਿਵਾਰ ਵੱਲੋ ਆਨੰਦ ਕਾਰਜ ਦੀ ਰਸਮ ਹੋਵੇਗੀ।

7 ਅਗਸਤ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਨਰਿੰਦਰ ਸਿੰਘ ਮਾਨ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

8 ਅਗਸਤ ਦਿਨ ਸ਼ਨੀਵਾਰ ਸਵੇਰੇ 10 ਵਜੇ ਬਰਜਿੰਦਰ ਸਿੰਘ ਢਿੱਲੋਂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖਿ ਜਾਇ॥**

**ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਆਪ ਸੰਗਤਾਂ ਨੂੰ ਬਹੁਤ ਬਹੁਤ ਵਧਾਈਆਂ**

9 ਅਗਸਤ ਦਿਨ ਐਤਵਾਰ ਸਵੇਰੇ 9:30 ਵਜੇ ਹਫ਼ਤਾਵਾਰੀ ਦੀਵਾਨ 'ਚ ਸ਼੍ਰੀ ਹਰਕ੍ਰਿਸ਼ਨ ਜੀ ਦੇ ਪ੍ਰਕਾਸ਼ ਪੁਰਬ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਗੁਰਬਾਣੀ ਕੀਰਤਨ ਕਥਾ ਵਿਚਾਰ ਤੇ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਜਾਵੇਗੀ।

10 ਅਗਸਤ ਦਿਨ ਸੋਮਵਾਰ ਸਵੇਰੇ 10 ਵਜੇ ਨਤਾਸ਼ਾ ਖੰਗੂਰਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

12 ਅਗਸਤ ਦਿਨ ਬੁੱਧਵਾਰ ਸਵੇਰੇ 10 ਵਜੇ ਹਰਕੀਰਤ ਸਿੰਘ ਸੰਧੂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

13 ਅਗਸਤ ਦਿਨ ਵੀਰਵਾਰ ਸਵੇਰੇ 10 ਵਜੇ ਕਮਲਦੀਪ ਸਿੰਘ ਅਟਵਾਲ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ। ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ ਦੀਆਂ ਕਲਾਸਾਂ ਦਾ ਅਗਲਾ ਸੈਸ਼ਨ ਸਤੰਬਰ ਵਿਚ ਸ਼ੁਰੂ ਹੋਵੇਗਾ। ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ, ਪੜ੍ਹ ਤੇ ਲਿਖ ਸਕਣ। ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

### ਰੋਜ਼ਾਨਾ ਪ੍ਰੋਗਰਾਮ:

ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ

### ਸ਼ਾਮ ਦੇ ਦੀਵਾਨ:

ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ   ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ   ਸੁਖਆਸਣ ਰਾਤ 8:00 ਵਜੇ

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

**ਗੁਰਦੁਆਰਾ ਸਾਹਿਬ ਦਾ ਫੋਨ:604-274-7479**

Email:iccc8600@gmail.com

# ਸੰਗਰੂਰ ‘ਚ ਭਾਜਪਾ ਦੇ ਜ਼ਿਲ੍ਹਾ ਦਫ਼ਤਰ ‘ਤੇ ਪੈਟਰੋਲ ਬੰਬ ਸੁੱਟਣ ਦਾ ਮਾਮਲਾ

ਸੰਗਰੂਰ: ਸੰਗਰੂਰ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਜ਼ਿਲ੍ਹਾ ਦਫ਼ਤਰ ਨੂੰ ਨਿਸ਼ਾਨਾ ਬਣਾਉਂਦਿਆਂ ਅਣਪਛਾਤੇ ਵਿਅਕਤੀਆਂ ਵੱਲੋਂ ਕਥਿਤ ਤੌਰ ‘ਤੇ ਪੈਟਰੋਲ ਬੰਬ ਸੁੱਟਣ ਦੀ ਘਟਨਾ ਸਾਹਮਣੇ ਆਈ ਹੈ।ਮੁੱਢਲੀ ਜਾਂਚ ਅਨੁਸਾਰ ਬੀਅਰ ਦੀ ਬੋਤਲ ਵਿੱਚ ਜਲਣਸ਼ੀਲ ਪਦਾਰਥ ਭਰ ਕੇ ਦਫ਼ਤਰ ਵੱਲ ਸੁੱਟਿਆ ਗਿਆ ਸੀ, ਜਿਸ ਕਾਰਨ ਕੰਧ ਨੂੰ ਨੁਕਸਾਨ ਪਹੁੰਚਿਆ।ਪੁਲਿਸ ਨੇ ਘਟਨਾ ਸਥਾਨ ਤੋਂ ਸਬੂਤ ਇਕੱਠੇ ਕਰਨ ਲਈ ਫੋਰੈਂਸਿਕ ਟੀਮ ਦੀ ਮਦਦ ਲਈ ਹੈ। ਨਾਲ ਹੀ ਇਲਾਕੇ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਸ਼ੱਕੀ ਵਿਅਕਤੀਆਂ ਦੀ ਪਛਾਣ ਕੀਤੀ ਜਾ ਸਕੇ।ਅਧਿਕਾਰੀਆਂ ਨੇ ਦੱਸਿਆ ਕਿ ਮਾਮਲੇ ਸਬੰਧੀ ਕੇਸ ਦਰਜ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਵੱਖ-ਵੱਖ ਪੁਲਿਸ ਟੀਮਾਂ ਦੋਸ਼ੀਆਂ ਦੀ ਭਾਲ ਵਿੱਚ ਜੁਟੀਆਂ ਹੋਈਆਂ ਹਨ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਦੇ ਆਧਾਰ ‘ਤੇ ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।


NEW WORLD CANADA
IMMIGRATION SERVICES INC.

ਸੰਨ 2011 ਤੋਂ ਸਫਲਤਾਪੂਰਵਕ
ਚੱਲ ਰਿਹਾ ਕਨੇਡਾ ਵਿਚ ਇਮੀਗ੍ਰੇਸ਼ਨ
ਦਾ ਦਫ਼ਤਰ



ਵਧੇਰੇ ਜਾਣਕਾਰੀ ਲਈ
ਸੰਪਰਕ ਕਰੋ :
604-575-8000
Tel: 604-572-4000 FAX: 604-572-7268
Email: info@newworldcanada.ca
Unit #262 —12899 76TH Ave

Balwinderjit Singh Bassi
Certified Immigration Consultant
Member ICCRC

INDOOR WATER FALLS BY:
KALSI
Aluminum Products



- Patio Covers
- Sunrooms
- Aluminium & Glass Railing
- Fences
- Gate
- Security Bars
- Water Falls

Bring WATERFALL
In Your Office/House
Call a Professional Installer, Not A Salesman
604-763-5679
#108-13030-115Ave, Surrey, BC
www.kalsialuminum.com

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
- Stress
- Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

- Children & Ladies Problems and much more

We Have Effective New Medicines Based On Latest Research For The Cure Of:
- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

THE CARPLAZA
CAR ACCESSORIES
All Types Of Car Accessories & Installation Available
ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ



*Seat Covers *Matts
*Woofers & Ambient Lights
*Android Car Player Available



Especially For Uber & Lyft Camera
778-977-0032, 778-713-6949
#5-12357-82A Ave, Surrey, BC

# ਸਿੱਖ ਵਿਦਵਾਨ ਡਾ: ਪੂਰਨ ਸਿੰਘ ਗਿੱਲ ਤੇ ਗੁਣਤਾਸ ਕੌਰ ਅਮਰੀਕਾ ਦੀਆਂ ਕਿਤਾਬਾਂ ਦਾ ਲੋਕ ਅਰਪਣ ਸਮਾਰੋਹ



ਸਰੀ (ਗੁਰਪ੍ਰੀਤ ਸਿੰਘ ਤਲਵੰਡੀ )- ਕੈਨੇਡਾ ਰਹਿ ਰਹੇ ਸਿੱਖ ਵਿਦਵਾਨ ਡਾ: ਪੂਰਨ ਸਿੰਘ ਗਿੱਲ ਅਤੇ ਗੁਣਤਾਸ ਕੌਰ ਅਮਰੀਕਾ ਦੀਆਂ ਕਿਤਾਬਾਂ ਨੂੰ ਲੋਕ ਅਰਪਿਤ ਕਰਨ ਲਈ ਸਰੀ (ਕੈਨੇਡਾ) ਵਿਖੇ ਪ੍ਰਭਾਵਸ਼ਾਲੀ ਸਮਾਰੋਹ ਕਰਵਾਇਆ ਗਿਆ। ਗਿਆਨੀ ਦਿੱਤ ਸਿੰਘ ਸਾਹਿਤ ਸਭਾ, ਕੈਨੇਡਾ ਵਲੋਂ ਗੁਰੂ ਨਾਨਕ ਇੰਡੋ ਕੈਨੇਡੀਅਨ ਸੀਨੀਅਰ ਸਿਟੀਜਨ ਸੈਂਟਰ ਸਰੀ ਵਿਖੇ ਕਰਵਾਏ ਗਏ ਇਸ ਵਿਸ਼ਾਲ ਸਮਾਰੋਹ ਦੌਰਾਨ ਵੱਖ-ਵੱਖ ਵਿਦਵਾਨਾਂ ਤੇ ਨਾਮਵਰ ਸਖਸ਼ੀਅਤਾਂ ਵਲੋਂ ਖੋਜ-ਭਰਪੂਰ ਪਰਚੇ ਪੜੇ ਗਏ। ਸਮਾਰੋਹ ਦੌਰਾਨ ਪੱਤਰਕਾਰ ਤੇ ਲੇਖਕ ਗੁਰਪ੍ਰੀਤ ਸਿੰਘ ਤਲਵੰਡੀ ਨੇ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਵਲੋਂ ਸੰਨ੍ਹ 2018 ਤੋਂ ਸਭਾ ਦੁਆਰਾ ਪੰਜਾਬੀ ਬੋਲੀ ਦੇ ਪਸਾਰ, ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਨੌਜਵਾਨ ਪੀੜੀ ਨੂੰ ਜੋੜਨ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਦੱਸਿਆ। ਸਿੱਖ ਵਿਦਵਾਨ ਡਾ: ਪੂਰਨ ਸਿੰਘ ਗਿੱਲ ਨੇ ਆਪਣੀਆਂ ਕਿਤਾਬਾਂ ਬਾਰੇ ਵਿਸਥਾਰ ਵਿੱਚ ਚਰਚਾ ਕਰਦਿਆਂ ਆਪਣੇ ਕੈਨੇਡਾ ਵਿਚਲੇ ਅਨੁਭਵ ਨੂੰ ਸਾਂਝਾ ਕਰਦਿਆਂ ਕੈਨੇਡੀਅਨ ਇਤਿਹਾਸ ਵਿੱਚ ਵਾਪਰੀਆਂ ਕਈ ਵੱਡੀਆਂ ਘਟਨਾਵਾਂ ਦਾ ਵੀ ਜਿਕਰ ਕੀਤਾ, ਜੋ ਉਨ੍ਹਾਂ ਵਲੋਂ ਆਪਣੀਆਂ ਕਿਤਾਬਾਂ ਵਿੱਚ ਦਰਜ ਕੀਤੀਆਂ ਗਈਆਂ ਹਨ। ਬੀ ਸੀ ਪ੍ਰੈੱਸ ਕਲੱਬ ਦੇ ਪ੍ਰਧਾਨ ਤੇ ਨਾਮੀ ਪੱਤਰਕਾਰ ਡਾ: ਗੁਰਵਿੰਦਰ ਸਿੰਘ ਧਾਲੀਵਾਲ ਨੇ ਡਾ: ਪੂਰਨ ਸਿੰਘ ਗਿੱਲ ਦੁਆਰਾ ਆਪਣੀ ਜਿੰਦਗੀ ਦੇ ਸਫਰ ਦੌਰਾਨ ਸਚਾਈ ਪੇਸ਼ ਕਰਨ ਦੀ ਦਲੇਰੀ ਦੀ ਸਰਾਹਨਾਂ ਕਰਦਿਆਂ ਨੌਜਵਾਨਾਂ ਨੂੰ ਉਨ੍ਹਾਂ ਦੇ ਜੀਵਨ ਸਫਰ ਤੋਂ ਸੇਧ ਲੈਣ ਦਾ ਸੱਦਾ ਦਿੱਤਾ। ਉਨ੍ਹਾਂ ਡਾ: ਗਿੱਲ ਦੀਆਂ ਕਿਤਾਬਾਂ ਬਾਰੇ ਵਿਸਥਾਰ ਰੱਖਦਿਆਂ ਅਮਰੀਕਾ ਦੇ ਕਨੈਕਟੀਕਟ ਰਾਜ ਦੇ ਨੌਰਵਿੱਚ ਸ਼ਹਿਰ ਦੇ ਗੁਰਸਿੱਖ ਮੇਅਰ ਸਵਰਨਜੀਤ ਸਿੰਘ ਖਾਲਸਾ ਦੀ ਧਰਮਪਤਨੀ ਬੀਬੀ ਗੁਣਤਾਸ ਕੌਰ ਦੁਆਰਾ ਬੱਚਿਆਂ ਵਿੱਚ ਪੰਜਾਬੀ ਸਿੱਖਣ ਦੀ ਰੁਚੀ ਪੈਦਾ ਕਰਨ ਲਈ ਤਿਆਰ ਕੀਤੀ ਪੈਂਤੀ ਅੱਖਰੀ ਕਿਤਾਬ ਬਾਰੇ ਵੀ ਵੇਰਵੇ ਦਿੰਦਿਆਂ ਅਜਿਹੇ ਉਪਰਾਲਿਆਂ ਤੋਂ ਸੇਧ ਲੈਣ ਦੀ ਅਪੀਲ ਕੀਤੀ। ਸਿੱਖਾਂ ਦੀ ਸਤਿਕਾਰਿਤ ਸਖਸ਼ੀਅਤ ਰਾਏ ਅਜੀਜ ਉੱਲਾ ਸਾਬਕਾ ਮੈਂਬਰ ਪਾਰਲੀਮੈਂਟ ਪਾਕਿਸਤਾਨ ਨੇ ਆਪਣੇ ਸੰਬੋਧਨ ਦੌਰਾਨ ਪੰਜਾਬੀ ਲੇਖਕਾਂ ਤੇ ਪੱਤਰਕਾਰਾਂ ਨੂੰ ਦੋਵਾਂ ਹੀ ਪੰਜਾਬਾਂ (ਚੜਦਾ ਤੇ ਲਹਿੰਦਾ) ਵਿੱਚ ਆਪਸੀ ਭਾਈਚਾਰਾ ਕਾਇਮ ਰੱਖਣ ਸਮੇਤ ਗੁਰਬਾਣੀ ਤੋਂ ਸੇਧ ਲੈ ਕੇ ਸਿੱਖ ਇਤਿਹਾਸ ਤੇ ਬਾਬੇ ਨਾਨਕ ਦੇ ਫਲਸਫੇ ਨੂੰ ਘਰ ਘਰ ਪਹੁੰਚਾਉਣ ਦਾ ਸੱਦਾ ਦਿੱਤਾ। ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਕਮਾਲਪੁਰਾ (ਜਗਰਾਉਂ) ਦੇ ਡਾ: ਕੰਵਲਜੀਤ ਕੌਰ ਨੇ ਡਾ: ਪੂਰਨ ਸਿੰਘ ਗਿੱਲ ਦੀਆਂ ਕਿਤਾਬਾਂ ਤੇ ਪਰਚਾ ਪੜਦਿਆਂ ਉਨ੍ਹਾਂ ਦੁਆਰਾ ਲਿਖੀ ਆਪਣੀ ਜੀਵਨ ਕਥਾ ਬਾਰੇ ਕਈ ਤਰ੍ਹਾਂ ਦੇ ਪਹਿਲੂਆਂ ਨੂੰ ਉਜਾਗਰ ਕੀਤਾ। ਭੁਪਿੰਦਰ ਸਿੰਘ ਮੱਲ੍ਹੀ ਨੇ ਡਾ: ਗਿੱਲ ਦੀ ਕਿਤਾਬ ‘ਕਿਵ ਸਚਿਆਰਾ ਹੋਈਐ’ ਬਾਰੇ ਪਰਚਾ ਪੜਦਿਆਂ ਬੜੇ ਹੀ ਭਾਵਪੂਰਤ ਸ਼ਬਦਾਂ ਨਾਲ ਮਨੁੱਖ ਨੂੰ ਸੱਚ ਬੋਲਣ ਦੀ ਹਿੰਮਤ ਜਗਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਹੀ ਬਾਬੇ ਨਾਨਕ ਦਾ ਅਸਲ ਧਰਮ ਹੈ। ਕਵਾਂਟਲਿਨ ਪੌਲੀਟੈਕਨਿਕ ਯੂਨੀਵਰਸਿਟੀ ਦੇ ਵਿਦਿਆਰਥੀ ਗੁਰਨੂਰ ਸਿੰਘ ਨੇ ਅੰਗਰੇਜੀ ਪੁਸਤਕਾਂ ਦੇ ਮਹੱਤਵ ਬਾਰੇ ਚਾਨਣਾਂ ਪਾਇਆ, ਪੰਜਾਬੀ ਕਵੀ ਤੇ ਸ਼ਾਇਰ ਮੋਹਣ ਸਿੰਘ ਗਿੱਲ, ਗੁਰੂ ਨਾਨਕ ਇੰਡੋ ਕੈਨੇਡੀਅਨ ਸੀਨੀਅਰ ਸਿਟੀਜਨ ਸੈਂਟਰ ਸਰੀ ਦੇ ਸੰਚਾਲਕ ਅਵਤਾਰ ਸਿੰਘ ਢਿੱਲੋਂ ਅਤੇ ਬੀਬੀ ਗੁਣਤਾਸ ਕੌਰ ਅਮਰੀਕਾ ਵਲੋਂ ਵੀ ਆਪਣੇ ਵਿਚਾਰ ਰੱਖੇ ਗਏ। ਸਮਾਰੋਹ ਦੌਰਾਨ ਪਹੁੰਚੀਆਂ ਸਾਰੀਆਂ ਹੀ ਸਖਸ਼ੀਅਤਾਂ ਵਲੋਂ ਡਾ: ਪੂਰਨ ਸਿੰਘ ਗਿੱਲ ਦੀਆਂ ਚਾਰ ਕਿਤਾਬਾਂ ‘ਹਉ ਆਪਹੁ ਬੋਲਿ ਨ ਜਾਣਦਾ, ਸਿੱਖ ਧਰਮ, ਹਉ ਟੂ ਬੀ ਟਰੂਥਫੁੱਲ (ਕਿਵ ਸਚਿਆਰਾ ਹੋਈਐ), ਸੁਪਰਸਟੀਸ਼ਨਜ ਐਂਡ ਰਿਚੁਅਲਜ ਇਨ ਸਿੱਖ ਪਰੈਕਟਿਸਜ ਤੋਂ ਇਲਾਵਾ ਬੀਬੀ ਗੁਣਤਾਸ ਕੌਰ ਅਮਰੀਕਾ ਦੁਆਰਾ ਤਿਆਰ ਕੀਤੀ ਪੈਂਤੀ ਅੱਖਰੀ ਐਕਟੀਵਿਟੀ ਕਿਤਾਬ ਲੋਕ ਅਰਪਿਤ ਕੀਤੀ। ਜਿਕਰਯੋਗ ਹੈ ਕਿ ਡਾ: ਗਿੱਲ ਦੁਆਰਾ ਚਾਰ ਕਿਤਾਬਾਂ ☞


# ਲਰਨਿੰਗ ਲਾਇਸੈਂਸ

**ਕਾਰ, ਟਰੱਕ/ ਮੋਟਰਸਾਈਕਲ**
**ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ**
**ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ**

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




**ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ**

**WE DO:**
*CITIZENSHIP CLASSES
*NATIONAL SAFETY CODE (NSC) CLASSES

**A to Z DRIVING SCHOOL**

**Lucky: 604-614-5365**

Unit 15 - 8388 128 St., Surrey



# TMG LOGISTICS INC.

## Need Owner Operators

*Vancouver to California *California to Alberta Back Vancouver
*Vancouver to East USA Return

**NOW HIRING**

***Good Paying Loads***



## Need Company Drivers

*Single Driver Pay 52cents/mile*
*Team Drivers 32 cents/mile*

**FOR MORE INFORMATION CALL AT:**

**(604) 598-3680 Fax: 604-596-3681 Cell: 778-838-3680**

*#121-13140-80Ave Surrey, BC V3W 3B2*

☞ ਵਿੱਚੋਂ ਦੋ ਪੰਜਾਬੀ ਭਾਸ਼ਾ ਅਤੇ ਦੋ ਅੰਗਰੇਜੀ ਵਿੱਚ ਲਿਖੀਆਂ ਗਈਆਂ ਹਨ। ਅੰਤ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਡਾ: ਕੁਲਵੰਤ ਸਿੰਘ ਥਿੰਦ ਨੇ ਸਮੂਹ ਸਾਹਿਤ ਪ੍ਰੇਮੀਆਂ ਤੇ ਹੋਰ ਸਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਸਾਹਿਤ ਸਭਾ ਵਲੋਂ ਨਵੇਂ ਲੇਖਕਾਂ ਨੂੰ ਚੰਗੇ ਮੌਕੇ ਪ੍ਰਦਾਨ ਕਰਨ ਲਈ ਸਹਾਇਕ ਸਿੱਧ ਹੋਣਗੇ। ਸਮਾਰੋਹ ਦੌਰਾਨ ਜੀ ਐੱਚ ਜੀ ਖਾਲਸਾ ਕਾਲਜ ਗੁਰੂਸਰ ਸੁਧਾਰ ਤੋਂ ਡਾ: ਸੁਸ਼ੀਲ ਕੌਰ, ਡਾ: ਹਰਜਿੰਦਰ ਸਿੰਘ ਬਰਾੜ, ਸਾਹਿਬ ਸਿੰਘ ਗਿੱਲ, ਮੈਡਮ ਸ਼ਬਨਮ ਮੱਲ੍ਹੀ, ਬਨਜੋਤ ਸਿੰਘ ਸੰਘੇੜਾ, ਪੱਤਰਕਾਰ ਹਰਦਮ ਮਾਨ, ਅਮਰਪਾਲ ਸਿੰਘ, ਰਸ਼ਪਾਲ ਸਿੰਘ ਗਿੱਲ, ਹਰਕੀਰਤ ਸਿੰਘ ਕੁਲਾਰ, ਡਾ: ਜਗਜੀਤ ਸਿੰਘ ਵੀ ਹਾਜਰ ਸਨ।

# ਮੀਰੀ-ਪੀਰੀ ਦੇ ਸਿਧਾਂਤਾਂ ਦੀ ਰਾਖੀ ਹਰ ਸਿੱਖ ਦਾ ਧਾਰਮਿਕ ਤੇ ਕੌਮੀ ਫ਼ਰਜ਼:ਜਥੇ. ਗੜਗੱਜ

ਮੱਖੂ (ਫ਼ਿਰੋਜ਼ਪੁਰ), (ਕੁਲਵਿੰਦਰ ਸਿੰਘ ਸੰਧੂ): ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਹੋਇਆ ਮੀਰੀ ਪੀਰੀ ਖਾਲਸਾ ਮਾਰਚ ਜਦੋਂ ਸੋਮਵਾਰ ਨੂੰ ਹਲਕਾ ਜ਼ੀਰਾ ਦੇ ਬਲਾਕ ਮੱਖੂ ਵਿਚ ਪਹੁੰਚਿਆ ਤਾਂ ਸਮੁੱਚੇ ਇਲਾਕੇ ਦੀਆਂ ਸੰਗਤਾਂ ਨੇ ਥਾਂ-ਥਾਂ ਫੁੱਲਾਂ ਦੀ ਵਰਖਾ, ਜੈਕਾਰਿਆਂ ਅਤੇ ਧਾਰਮਿਕ ਜੋਸ਼ ਨਾਲ ਇਸ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਲੋਂ ਸਥਾਪਿਤ ਮੀਰੀ-ਪੀਰੀ ਦਾ ਸਿਧਾਂਤ ਸਿੱਖ ਕੌਮ ਦੀ ਸ਼ਾਨ ਅਤੇ ਪਛਾਣ ਹੈ।

ਉਨ੍ਹਾਂ ਕਿਹਾ ਕਿ ਹਰ ਸਿੱਖ ਦਾ ਧਾਰਮਿਕ ਅਤੇ ਕੌਮੀ ਫ਼ਰਜ਼ ਬਣਦਾ ਹੈ ਕਿ ਉਹ ਇਸ ਸਿਧਾਂਤ ਦੀ ਰਾਖੀ ਲਈ ਹਮੇਸ਼ਾ ਤਤਪਰ ਰਹੇ। ਉਨ੍ਹਾਂ ਕਿਹਾ ਕਿ ਭਾਵੇਂ ਸਿੱਖ ਵਿਰੋਧੀ ਤਾਕਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਢਾਹ ਲਗਾਉਣ ਦੇ ਯਤਨ ਕਰ ਰਹੀਆਂ ਹਨ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਿਤ ਸਿੱਖ ਪੰਥ ਹਮੇਸ਼ਾ ਚੜ੍ਹਦੀ ਕਲਾ ਵਿਚ ਅੱਗੇ ਵਧਦਾ ਰਹੇਗਾ। ਉਨ੍ਹਾਂ ਕਿਹਾ ਕਿ ਸਿੱਖ ਨਾ ਕਿਸੇ 'ਤੇ ਅੱਤਿਆਚਾਰ ਕਰਦਾ ਹੈ ਅਤੇ ਨਾ ਹੀ ਕਿਸੇ ਦਾ ਅੱਤਿਆਚਾਰ ਸਹਿੰਦਾ ਹੈ, ਸਗੋਂ ਹਮੇਸ਼ਾ ਸਰਬੱਤ ਦੇ ਭਲੇ ਅਤੇ ਇਨਸਾਫ਼ ਦੇ ਪੱਖ ਵਿੱਚ ਖੜ੍ਹਾ ਰਹਿੰਦਾ ਹੈ। ਜਥੇਦਾਰ ਗੜਗੱਜ ਨੇ ਮਾਰਚ ਨੂੰ ਮਿਲੇ ਭਰਵੇਂ ਪਿਆਰ ਅਤੇ ਸਤਿਕਾਰ ਲਈ ਸਮੂਹ ਸੰਗਤਾਂ ਦਾ ਦਿਲੋਂ ਧੰਨਵਾਦ ਕੀਤਾ।

## Home Improvement


ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200


TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।

ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ
ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
604-729-3225
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

SINGH RAJ
RENOVATION CO.
We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
SPECIALISTS IN
Maintain+Repair & New Installation
Reasonable Rates
20Yrs Exprienced
Call Raj: 778-229-9261

STORM
ELECTRIC LTD.
Residential & Commercial
Licenced & Bonded

*All Kinds Of Electrical Service
*Best Rate
*Friendly Service
*Quality Workmanship
Mandeep Dhaliwal
(Certified Electrician)
778-994-7207
Email:stormelectricltd@gmail.com

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ

Contact for Kitchen Cabinet & Counter Tops in Homes
ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲੰਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ: 604-725-6270

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਕੈਨੇਡਾ ਨੇ ਭਾਰਤੀਆਂ ਦੇ ਕੱਟੇ 20 ਹਜ਼ਾਰ ਪ੍ਰਮਿਟ

ਕੈਲਗਰੀ : ਕੈਨੇਡਾ ਦਾ ਜਹਾਜ਼ ਚੜ੍ਹਨਾ ਭਾਰਤੀ ਨਾਗਰਿਕਾਂ ਵਾਸਤੇ ਦੂਰ ਦੀ ਕੌਡੀ ਬਣਦਾ ਜਾ ਰਿਹਾ ਹੈ ਅਤੇ ਤਾਜ਼ਾ ਰਿਪੋਰਟ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਵਰਕ ਪਰਮਿਟ ਦੀ ਮੰਗ ਨੂੰ ਲੈ ਕੇ ਕੈਲਗਰੀ ਅਤੇ ਐਡਮਿੰਟਨ ਵਿਖੇ ਪੰਜਾਬੀ ਨੌਜਵਾਨਾਂ ਦੀ ਭੁੱਖ ਹੜਤਾਲ ਸ਼ੁਰੂ ਹੋ ਚੁੱਕੀ ਹੈ।ਟੈਂਪਰੇਰੀ ਰੈਜ਼ੀਡੈਂਟਸ ਵਿਰੁੱਧ ਇੰਮੀਗ੍ਰੇਸ਼ਨ ਸਖ਼ਤੀ ਮਗਰੋਂ ਸਿਰਫ਼ ਵਿਜ਼ਟਰ ਵੀਜ਼ਾ ਅਤੇ ਸਟੱਡੀ ਵੀਜ਼ਾ ਅਰਜ਼ੀਆਂ ਹੀ ਧੜਾ-ਧੜ ਰੱਦ ਨਹੀਂ ਹੋ ਰਹੀਆਂ ਸਗੋਂ ਪਰਮਾਨੈਂਟ ਰੈਜ਼ੀਡੈਂਸੀ ਹਾਸਲ ਕਰਨ ਵਾਲੇ ਇੰਡੀਅਨਜ਼ ਦੀ ਗਿਣਤੀ ਵਿਚ ਸਾਲ ਦੇ ਪਹਿਲੇ ਛੇ ਮਹੀਨੇ ਦੌਰਾਨ ਤਕਰੀਬਨ 20 ਹਜ਼ਾਰ ਦੀ ਕਮੀ ਦਰਜ ਕੀਤੀ ਗਈ ਹੈ ਜਦਕਿ ਅਸਾਇਲਮ ਕਲੇਮਜ਼ ਵੀ ਹੈਰਾਨਕੁੰਨ ਤਰੀਕੇ ਨਾਲ ਘਟਦੇ ਜਾ ਰਹੇ ਹਨ। ਜਨਵਰੀ ਤੋਂ ਜੂਨ ਦਰਮਿਆਨ ਇਕ ਲੱਖ 60 ਹਜ਼ਾਰ ਪ੍ਰਵਾਸੀਆਂ ਨੂੰ ਕੈਨੇਡਾ ਦੀ ਪੀ.ਆਰ. ਮਿਲੀ ਜਦਕਿ 2025 ਵਿਚ ਇਹ ਅੰਕੜਾ 2 ਲੱਖ ਤੋਂ ਉਤੇ ਦਰਜ ਕੀਤਾ ਗਿਆ।ਭਾਰਤੀ ਲੋਕਾਂ ਦੀ ਗੱਲ ਕੀਤੀ ਜਾਵੇ ਤਾਂ 2025 ਦੇ ਪਹਿਲੇ ਛੇ ਮਹੀਨੇ ਦੌਰਾਨ ਤਕਰੀਬਨ 62 ਹਜ਼ਾਰ ਨੂੰ ਪਰਮਾਨੈਂਟ ਰੈਜ਼ੀਡੈਂਸੀ ਮਿਲੀ ਪਰ ਮੌਜੂਦਾ ਵਰ੍ਹੇ ਦੌਰਾਨ ਅੰਕੜਾ ਘਟ ਕੇ 42 ਹਜ਼ਾਰ ਰਹਿ ਗਿਆ। ਬਾਕੀ ਮੁਲਕਾਂ ਦੇ ਮੁਕਾਬਲੇ ਪਰਮਾਨੈਂਟ ਰੈਜ਼ੀਡੈਂਟਸ ਉਤੇ ਚੱਲੇ ਆਰੇ ਦਾ ਸਭ ਤੋਂ ਵੱਧ ਅਸਰ ਭਾਰਤੀ ਲੋਕਾਂ ’ਤੇ ਦੇਖਣ ਨੂੰ ਮਿਲ ਰਿਹਾ ਹੈ। ਕੈਨੇਡਾ ਦੇ ਪੱਕੇ ਵੀਜ਼ੇ ਤੋਂ ਹੱਥ ਧੋਣ ਵਾਲਿਆਂ ਵਿਚੋਂ 48 ਫ਼ੀ ਸਦੀ ਭਾਰਤੀ ਬਣਦੇ ਹਨ। ਸਟੱਡੀ ਵੀਜ਼ਾ ਦੀ ਮਿਸਾਲ ਪੇਸ਼ ਕੀਤੀ ਜਾਵੇ ਤਾਂ 2023 ਵਿਚ 2 ਲੱਖ 78 ਹਜ਼ਾਰ ਭਾਰਤੀ ਨੌਜਵਾਨਾਂ ਨੂੰ ਕੈਨੇਡਾ ਦਾ ਜਹਾਜ਼ ਚੜ੍ਹਨ ਦਾ ਮੌਕਾ ਮਿਲਿਆ ਪਰ 2025 ਵਿਚ ਅੰਕੜਾ 93,840 ਰਹਿ ਗਿਆ ਅਤੇ ਮੌਜੂਦਾ ਵਰ੍ਹੇ ਦੌਰਾਨ ਹਾਲਾਤ ਹੋਰ ਵੀ ਡਾਵਾਂਡੋਲ ਨਜ਼ਰ ਆ ਰਹੇ ਹਨ। ਕੈਲਗਰੀ ਅਤੇ ਐਡਮਿੰਟਨ ਵਿਖੇ ਵਰਕ ਪਰਮਿਟ ਵਾਸਤੇ ਸੰਘਰਸ਼ ਕਰ ਰਹੇ ਨੌਜਵਾਨਾਂ ਨੇ 2023 ਦੇ ਅਖੀਰ ਜਾਂ 2024 ਦੇ ਆਰੰਭ ਵਿਚ ਕੈਨੇਡਾ ਦੀ ਧਰਤੀ ’ਤੇ ਕਦਮ ਰੱਖਿਆ ਅਤੇ ਇਸ ਵੇਲੇ ਭਵਿੱਖ ਘੁੱਪ ਹਨੇਰੇ ਵਿਚ ਡੁੱਬਿਆ ਮਹਿਸੂਸ ਹੋ ਰਿਹਾ ਹੈ। ‘ਨੈਸ਼ਨਲ ਪੋਸਟ’ ਦੀ ਰਿਪੋਰਟ ਮੁਤਾਬਕ ਰਾਜਾਂ ਦੇ ਹਿਸਾਬ ਨਾਲ ਸਭ ਤੋਂ ਵੱਧ ਨੁਕਸਾਨ ਉਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਨੂੰ ਬਰਦਾਸ਼ਤ ਕਰਨਾ ਪਿਆ ਹੈ ਜਿਥੇ ਨਵੇਂ ਪਰਮਾਨੈਂਟ ਰੈਜ਼ੀਡੈਂਟਸ ਦੀ ਗਿਣਤੀ 34 ਫ਼ੀ ਸਦੀ ਅਤੇ 40 ਫ਼ੀ ਸਦੀ ਹੇਠਾਂ ਗਈ।


Rai
EXPRESS LINES LTD.



Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

FRASERVIEW MEATS
The Name of Guaranteed Quality Meats



Number One Quality Meat in Lower Mainland
We also sell cooked chicken
We take orders for all occassion
Serving You Since 1993
Try our Special Chicken Tikkar



Jagir S. Nagra

604-592-2900
#102-12047-80th Ave. Surrey (Besides Mega Fruticana)
www.fraserviewmeats.com

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ
ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ
ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ
ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ
12815, 85 Ave Surrey BC. | www.shahicaterers.ca | Email: kspooni95@hotmail.de
778-928-4522, 778-565-4141, 778-565-3232

# ਗੁਰਦੁਆਰਾ ਕਲਗੀਧਰ ਦਰਬਾਰ ਐਬਟਸਫੋਰਡ ਵਿਖੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਦੀਵਾਨਾਂ ਵਿੱਚ ਪਹੁੰਚੀ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ




















ਐਬਟਸਫੋਰਡ:ਪਿਛਲੇ ਵੀਕਐਂਡ ਗੁਰਦੁਆਰਾ ਕਲਗੀਧਰ ਦਰਬਾਰ ਐਬਟਸਫੋਰਡ ਵਿਖੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਦੀਵਾਨਾਂ ਵਿਚ ਹਜਾਰਾਂ ਦੀ ਗਿਣਤੀ ਵਿਚ ਸੰਗਤ ਪਹੁੰਚੀ। ਇੱਕ ਦਿਨ ਵਿੱਚ 20,000 ਤੋਂ ਵੱਧ ਲੋਕਾਂ ਨੇ ਹਾਜ਼ਰੀ ਭਰੀ ਅਤੇ ਚਾਰ ਦਿਨਾਂ ਦੌਰਾਨ ਕੁੱਲ 50,000 ਤੋਂ ਵੱਧ ਸੰਗਤ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸਭ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਜਿਹਨਾਂ ਸਾਨੂੰ ਇੰਨਾ ਮਾਣ ਬਖਸ਼ਿਆ।

ABHI FURNITURES LTD.

ਸਾਡੀ ਗਰੰਟੀ ਹੈ ਕਿ ਤੁਸੀ ਸਾਡੇ ਕੋਲ ਆ ਕੇ ਸਾਰੀਆਂ ਫਰਨੀਚਰ ਆਈਟਮ ਤੇ ਬੱਚਤਾਂ ਕਰੋਗੇ।

Free Delivery
BEST PRICES

ALL KINDS OF DESIGNER, MODERN AND CUSTOM FURNITURE




CANADA DAY SALE On All Products & Furniture




Ph: 604-710-3286, 604-502-2244
Web:abhiifurnitures.com Email:abhifurnituretd@gmail.com
#102-13030 115Ave, Surrey, BC Business Hours: Mon-Sat 11am to 6pm Sunday:Closed

Discover the Real Punjabi Tadka

Chawlas² SINCE 1960
The Famous Taste of Punjab

Veg & Non Veg

NOW OPEN
IN SURREY




Ph:778-637-0006
#107-8363 -128St, Surrey Hours:Wednesday to Monday 10AM to 12 AM Closed:Tuesday